ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਗੁਰਮਤਿ ਪ੍ਰਚਾਰਕ ੴ ਅੱਧ-ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

ਸੂਰਾ

# ਸੂਰਾ

ਸੂਰਾ
SURA

ਪਟਿਆਲਾ

੨੦ ਅਕਤੂਬਰ ੧੯੭੦ CYPA * 20 October 1970


ਖਾਲਸਾ ਪੰਥ ਦਾ ਸ਼ਰੋਮਣੀ ਧਾਰਮਕ, ਸਮਾਜਕ ਤੇ ਰਾਜਨੀਤਕ ਕੇਂਦਰ

PAГБИР CIHГ

## ਹਰਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ



ਇਹ ਪਵਿੱਤਰ ਅਸਥਾਨ ਸ੍ਰੀ ਅੰਮ੍ਰਿਤਸਰ ਵਿਖੇ ਹੈ, ਜਿਸ ਦੀ ਨੀਂਹ 1577 ਈਸਵੀ ਵਿਚ ਸ੍ਰੀ ਗੁਰੂ ਰਾਮਦਾਸ ਜੀ (ਜਿਨ੍ਹਾਂ ਦਾ ਪ੍ਰਕਾਸ਼ ਉਤਸ਼ਵ 16 ਅਕਤੂਬਰ ਨੂੰ ਸੰਮੂਹ ਸਿਖ ਸੰਸਾਰ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਹੈ) ਨੇ 'ਗੁਰੂ ਕਾ ਚੱਕ' (ਸ੍ਰੀ ਅੰਮ੍ਰਿਤਸਰ) ਦੇ ਨਾਂ ਤੇ ਰੱਖੀ।

Raghbir Singh Bilga Dist Jullundur
Punjab India

www.AKJ.Org

# * ਲੇਖ-ਸੂਚੀ *


| ਲੇਖ | ਪੰਨਾ | ਲੇਖਕ |
|---|---|---|
| ਅਰਦਾਸ ਸ਼ਕਤੀ | ੪ | ਭਾਈ ਗਿਆਨ ਸਿੰਘ ਜੀ, ਸਿੰਦਰੀ |
| ਮਾਇਆ ਦਾ ਪ੍ਰਭਾਵ ਤੇ ਇਸਤੋਂ ਛੁਟਕਾਰਾ | ੭ | ਸਚਖੰਡਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ |
| ਭਗਤ ਨਾਮਦੇਵ ਜੀ ਤੇ ਗੁਰਮਤਿ | ੧੨ | ਭਾਈ ਬਲਵੰਤ ਸਿੰਘ ਜੀ 'ਨੂਰ' ਡੇਹਰਾਦੂਨ |
| ਵਹਿ ਪ੍ਰਗਟਿਓ ਮਰਦ ਅਗੰਮੜਾ...... | ੧੮ | ਗਿ: ਜਸਮੇਰ ਸਿੰਘ ਜੀ 'ਪਾਲ' |
| ਜਗੁ ਕਊਆ ਮੁਖਿ ਚੁੰਚ ਗਿਆਨੁ | ੨੨ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ਕੈਂਚੀ ਤੇ ਸੂਈ | ੨੫ | ਭਾ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ |
| ਐਡੀਟਰ ਦੀ ਡਾਕ | ੨੬ | ਸੰਪਾਦਕ |
| ਗੁਰਬਾਣੀ ਪਾਠ-ਨਿਰਣਯ | ੨੯ | ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ |
| ਜ: ਭਾਈ ਰਾਮ ਸਿੰਘ ਜੀ (ਗੁਜਰਵਾਲ) | ੩੫ | ਗੁਰਪੁਰਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ |


## ਪੰਜ ਲਖ ਪਾਠਾਂ ਦੀ ਲੜੀ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਉਤੇ ਆਪਣੇ ਜੀਵਨ ਦਾ ਯਾਦਗਾਰੀ ਹਿਸਾ ਪਾਉਣ ਲਈ ਨੌਜਵਾਨਾਂ ਅਤੇ ਵਿਦਿਆਰਥੀਆਂ ਦੀ ਨਿਰੋਲ ਧਾਰਮਕ ਜਥੇਬੰਦੀ ਪੰਜਾਬ ਖਾਲਸਾ ਦਲ ਵਲੋਂ, ਮਹਾਨ ਪਵਿਤਰ ਬਾਣੀ ਸ੍ਰੀ ਜਪੁਜੀ ਸਾਹਿਬ ਦੇ ਪੰਜ ਲਖ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ। ਇਸ ਪ੍ਰੋਗਰਾਮ ਵਿਚ ਹਰ ਗੁਰਸਿਖ ਸ਼ਾਮਲ ਹੋ ਕੇ ਯਥਾ ਸ਼ਕਤ ਹਿੱਸਾ ਪਾ ਸਕਦਾ ਹੈ। ਲੜੀ ਦੇ ਪ੍ਰੋਗਰਾਮ ਅਧੀਨ ਕੋਈ ਗੁਰਸਿਖ ਇਕੱਲਿਆਂ, ਕੁਝ ਸੱਜਣ ਮਿਲਕੇ ਜਾਂ ਪ੍ਰਵਾਰ ਦੇ ਮੈਂਬਰ ਮਿਲਕੇ 501 ਸਾਲਾ ਮਹਾਨ ਪੁਰਬ ਤਕ 501 ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰਨਗੇ। ਦਲ ਵਲੋਂ ਪਿਛਲੇ ਸਾਲ ਵੀ ਇਹ ਲੜੀ ਸ਼ੁਰੂ ਕੀਤੀ ਗਈ ਸੀ। ਸੰਸਾਰ ਦੇ ਵਖ ਵਖ ਭਾਗਾਂ ਦੇ ਕੋਈ 2000 ਦੇ ਕਰੀਬ ਗੁਰਸਿਖਾਂ ਨੇ ਮਿਲ ਕੇ 10 ਲਖ ਨਾਲੋਂ ਵੀ ਜ਼ਿਆਦਾ ਪਾਠ ਕਰਕੇ ਇਸ ਲੜੀ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਪਾਇਆ ਸੀ। ਸ੍ਰੀ ਗੁਰੂ ਨਾਨਕ ਸਤਿਸੰਗ ਸਭਾ ਸਿੰਘਾਪੁਰ ਅਤੇ ਪੰਜਾਬ ਖਾਲਸਾ ਦਲ ਵਲੋਂ ਇਸ ਲੜੀ ਵਿਚ ਸ਼ਾਮਲ ਹੋਣ ਵਾਲੇ ਗੁਰਸਿਖਾਂ ਨੂੰ ਸੁੰਦਰ ਯਾਦਗਾਰੀ ਮਾਣ ਪੱਤਰ ਅਤੇ ਭੇਟਾ ਰਹਿਤ ਲਿਟ੍ਰੇਚਰ ਪ੍ਰਦਾਨ ਕੀਤਾ ਗਿਆ ਸੀ।

ਪੰਜ ਲਖ ਪਾਠਾਂ ਦੀ ਲੜੀ ਦਾ ਮੁਖ ਮੰਤਵ ਜਪੁਜੀ ਸਾਹਿਬ ਦੇ ਅੰਤਰੀਵ ਭਾਵਾਂ ਦੀ ਸੋਝੀ ਪ੍ਰਾਪਤ ਕਰਨੀ ਅਤੇ ਇਸ ਮਹਾਨ ਬਾਣੀ ਦੀ ਮਹਾਨਤਾ ਤੋਂ ਜਾਣੂ ਹੋਣਾ ਹੈ। ਇਸ ਮਹਾਨ ਪਾਵਨ ਅਵਸਰ ਸਮੇਂ ਆਪਣੇ ਜੀਵਨ ਵਿਚ ਸੁਧਾਰਕ ਤਬਦੀਲੀ ਲਿਆਉਣੀ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਦਰਸ਼ਾਂ ਨੂੰ ਪ੍ਰਚਾਰਨਾ ਅਤੇ ਅਪਨਾਉਣਾ ਸਾਡਾ ਸਭ ਦਾ ਮੁਢਲਾ ਫ਼ਰਜ਼ ਬਣਦਾ ਹੈ। ਆਓ! ਇਸ ਮਹਾਨ ਪਵਿਤਰ ਯੱਗ ਨੂੰ ਸਫਲ ਕਰਨ ਲਈ ਆਪਣੀ ਸ਼ਰਧਾਂਜਲੀ ਦੇ ਰੂਪ ਵਿਚ ਵਧ ਤੋਂ ਵਧ ਜਪੁਜੀ ਸਾਹਿਬ ਦਾ ਜਾਪੁ ਕਰਕੇ ਸ਼ਰਧਾ ਦੇ ਫੁਲ ਭੇਟ ਕਰੀਏ। ਗੁਰੂ ਪੰਥ ਦਾ ਦਾਸ—ਜਗਜੀਤ ਸਿੰਘ 'ਦਰਦੀ' ਪ੍ਰਧਾਨ ਪੰਜਾਬ ਖਾਲਸਾ ਦਲ, ਪਟਿਆਲਾ

**ਸਾਲਾਨਾ ਯਾਦ ਹਿਤ !** ਭਾਈ ਕਿਰਪਾਲ ਸਿੰਘ ਜੀ, ਖਾਲਸਾ ਨਿਸ਼ਾਨ ਮੇਕਰਜ਼ ਲੁਧਿਆਣਾ ਦੇ ਸਤਿਕਾਰਯੋਗ ਮਾਤਾ ਜੀਵਣ ਕੌਰ ਜੀ ਦੀ ਸਾਲਾਨਾ ਯਾਦ ਹਿਤ 13-9-70 ਨੂੰ ਸਹਿਜ ਪਾਠ ਦੇ ਭੋਗ ਪਾਏ ਗਏ ਸਮਾਪਤੀ ਸਮੇਂ ਅਰਦਾਸ ਹੋਈ ਮਾਇਆ ਵਿਚੋਂ ਪੰਜ ਦਮੜੇ 'ਸੂਰਾ' ਨੂੰ ਸਹਾਇਤਾ ਭੇਜੇ ਗਏ। ਸਤਿਗੁਰੂ ਸਚਾ ਪਾਤਸ਼ਾਹ ਸਾਥੋਂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਨਾਲ ਜੋੜੀ ਰਖੇ ਅਤੇ ਪਿਛਲੇ ਪ੍ਰਵਾਰ ਵਿਚ ਸ਼ਾਂਤੀ ਤੇ ਸੁਖ ਵਰਤਾਵੇ।

( ਸੰਪਾਦਕ)

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ

ਲਾਈਫ਼ ਮੈਂਬਰ 250 ਰੁਪਏ

ਪ੍ਰਤੀ ਕਾਪੀ 70 ਪੈਸੇ

*


# ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੨੦ ਅਕਤੂਬਰ ਮੁਤਾਬਕ ੪ ਕਤਕ ੫੦੧ ਨਾਨਕ ਸ਼ਾਹੀ [ ਅੰਕ ੧੭


ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗੁ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥ ੯ ॥

(ਬਾਰਹਮਾਹਾ ਮਾਝ ਮ: ੫ ਘਰੁ ੪)


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

# ਅਰਦਾਸ ਸ਼ਕਤੀ

ਵਲੋਂ :

ਭਾਈ ਗਿਆਨ ਸਿੰਘ ਜੀ, ਸਿੰਦਰੀ

*

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ।

ਜਿਨ੍ਹਾਂ ਗੁਰਮੁਖ ਪਿਆਰਿਆਂ ਨੂੰ ਕਦੀ ਕੋਈ ਗਿਰਾਉਣ ਦੀ ਕੋਸ਼ਸ਼ ਕਰਦਾ ਹੈ ਉਹਨਾਂ ਦਾ ਸਹਾਈ ਸਤਿਗੁਰੂ ਆਪ ਹੁੰਦਾ ਹੈ ਤੇ ਆਪਣੇ ਸਚੇ ਗੁਰਮੁਖਾਂ ਦੀ ਉਹ ਆਪ ਹੀ ਰਖਦਾ ਹੈ ।

ਭਾਈ ਦੁਨੀ ਚੰਦ ਜੀ ਇਕ ਪੰਜਾਬ ਦੇ ਵਡੇ ਸ਼ਹਿਰ ਦੇ ਰਹਿਣ ਵਾਲੇ ਸਹਿਜਧਾਰੀ ਸਿਖ ਨੇ, ਆਪਣੇ ਪੁਤਰਾਂ ਨੂੰ ਸਿੰਘ ਸਜਾਇਆ ਹੈ ਤੇ ਗੁਰੂ ਮਹਾਰਾਜ ਦੀ ਚਰਨੀਂ ਲਾ ਦਿਤੇ ਹਨ । ਧੰਨ ਭਾਗ ਹਨ ਇਸ ਗੁਰਮੁਖ ਪਰਵਾਰ ਦੇ ਜੋ ਸਤਿਗੁਰਾਂ ਦੀ ਚਰਨੀਂ ਲਗ ਗਇਆ ਹੈ ।

ਇਹਨਾਂ ਦਾ ਇਕ ਪੁਤਰ ਅਮਰੀਕਾ ਪੜ੍ਹਾਈ ਕਰਨ ਗਿਆ ਹੈ ਦੂਜਾ ਸਰਕਾਰੀ ਅਫ਼ਸਰ ਹੈ । ਇਸ ਸਰਕਾਰੀ ਨੌਕਰੀ ਵਾਲੇ ਨੌਜਵਾਨ ਦਾ ਇਮਤਿਹਾਨ (ਇੰਟਰਵਿਊ ਤੇ ਤਰੱਕੀ) ਦਾ ਸਮਾਂ ਆਇਆ । ਤਰੱਕੀ ਦੇਣ ਵਿਚ ਅਫ਼ਸਰ ਕੁਝ ਪੱਖਸ਼ਪਾਤ ਕਰਨਾ ਚਾਹੁੰਦਾ ਸੀ । ਇਸ ਗੁਰਮੁਖ ਪਿਆਰੇ ਨੂੰ ਪਤਾ ਲਗ ਗਿਆ । ਇਹਨਾਂ ਨੇ ਆਪਣੇ ਪਿਤਾ ਜੀ ਨੂੰ ਘਰ ਆ ਕੇ ਸਾਰੀ ਗਲ ਸੁਣਾਈ। ਪਿਤਾ ਜੀ ਨੇ ਰਹਿਰਾਸ ਸਾਹਿਬ ਦੇ ਪਾਠ ਪਿਛੋਂ ਸਤਿਗੁਰਾਂ ਅਗੇ ਅਰਦਾਸ ਕੀਤੀ । ਗੁਰੂ ਤੇਗ ਬਹਾਦਰ ਦੁਖ ਨਿਵਾਰਨ ਵਾਲੇ ਜੀਉ, ਆਪਣੇ ਸਿਖ ਦਾ ਬੇੜਾ ਮਖਣ ਸ਼ਾਹ ਵਾਂਗੂ ਪਾਰ ਲਗਾਉ, ਤੇ ਆਪ ਦੀ ਸ਼ਰਨ ਆਇਆ ਹਾਂ ਸ਼ਰਨ ਆਇਆਂ ਦੀ ਲਾਜ ਰਖਣੀ । ਏਧਰ ਅਰਦਾਸ ਪੂਰੀ ਹੋਈ—ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ । ਉਧਰ ਪਖਸ਼ਪਾਤੀ ਅਫਸਰ ਨੂੰ ਵਾਇਰਲੈਸ ਆ ਗਈ ਕਿ ਤੁਸੀਂ ਦਿਨ ਚੜ੍ਹਦੇ ਤਕ ਦਿਲੀ ਪੁਜ ਜਾਉ, ਤੇ ਉਹਨਾਂ ਦੀ ਥਾਂ ਦੂਸਰੇ ਅਫ਼ਸਰ ਨੂੰ ਹੁਕਮ ਹੋਇਆ ਕਿ ਤੁਸੀਂ ਜਲਦੀ ਰਾਤੋ ਰਾਤ ਹੀ ਫਲਾਣੀ ਜਗ੍ਹਾ ਚਲੇ ਜਾਉ ।

ਜਦ ਉਹ ਨੌਜਵਾਨ ਸਵੇਰੇ ਆਪਣੀ ਡਿਊਟੀ ਤੇ ਗਿਆ ਤੇ ਕੀ ਵੇਖਦਾ ਹੈ ਕਿ ਰਾਤੋ ਰਾਤ ਅਫ਼ਸਰ ਬਦਲ ਗਿਆ ਹੈ ਜਦ ਉਹ ਆਪਣੇ ਅਫ਼ਸਰ ਕੋਲ ਗਿਆ ਤੇ ਉਸ ਨੇ ਉਸਨੂੰ ਪੁਛਿਆ ਕਿ ਕਲ ਜੋ ਤੇਰਾ ਇੰਟਰਵਿਊ ਹੋਇਆ ਹੈ ਉਸ ਵਿਚ ਤੇਰੇ ਨੰਬਰ ਕਿਉਂ ਘਟ ਹਨ ? ਤੂੰ ਤਾਂ ਬੜਾ ਫੁਰਤੀਲਾ ਜਵਾਨ ਨਜ਼ਰ ਆਉਂਦਾ ਹੈਂ । ਇਸ ਨੌਜਵਾਨ ਨੇ ਨਿੰਮਰਤਾ ਨਾਲ ਉਤਰ ਦਿਤਾ 'ਜੀ ਮੈਂ ਕੀ ਕਹਿ ਸਕਦਾ ਹਾਂ ਇਹ ਤਾਂ (ਪਹਿਲੇ) ਅਫ਼ਸਰ ਨੂੰ ਹੀ ਪਤਾ ਹੋਵੇਗਾ ।' ਇਸ ਨਵੇਂ ਅਫ਼ਸਰ ਨੇ ਉਸੇ ਵਕਤ ਤਰੱਕੀ ਦੇ ਆਰਡਰ ਕਰ ਦਿਤੇ । ਇਸ ਨੌਜਵਾਨ ਨੇ ਆਪਣੇ ਪਿਤਾ ਜੀ ਨੂੰ ਸਾਰੀ ਗਲ ਦੱਸੀ ਤੇ ਸਾਰੇ ਪ੍ਰਵਾਰ ਨੇ ਸਤਿਗੁਰਾਂ ਦਾ ਸ਼ੁਕਰ ਕੀਤਾ ।

ਇਹ ਇਕ ਬੜਾ ਵਡਾ ਸਬਕ ਸਾਡੇ ਨੌਜਵਾਨਾਂ ਵਾਸਤੇ ਪ੍ਰਤੱਖ ਹੈ । ਅਜ ਦਾ ਨੌਜਵਾਨ—ਕੁੜੀ ਨੌਕਰੀ ਲਈ ਤੇ ਤਰੱਕੀ ਲਈ ਝਟ ਕੇਸ ਕਤਲ ਕਰਵਾ ਦੇਂਦਾ ਹੈ, ਪਰ ਉਸ ਨੂੰ ਇਹ ਪਤਾ ਹੀ ਨਹੀਂ ਕਿ ਮੇਰਾ ਪਿਤਾ ਤੇ ਸਾਹ ਸਾਹ ਸਮਾਲਦਾ ਹੈ, ਤੇ ਸਦਾ ਅੰਗ ਸੰਗ ਹੈ । ਆਓ ਨੌਜਵਾਨੋ ਸਤਿਗੁਰੂ ਦੇ ਸਿੰਘ ਸਜ ਜਾਉ ਤੇ ਪੰਜ ਪਿਆਰਿਆਂ ਕੋਲੋਂ ਨਾਮ ਨਿਧਾਨ ਸਭ ਖਜ਼ਾਨਿਆਂ ਤੋਂ ਵਡਾ ਖ਼ਜ਼ਾਨਾ ਪ੍ਰਾਪਤ ਕਰ ਲਵੋ ਫੇਰ ਤਾਂ ਰਾਜ ਸ੍ਰਿਸ਼ਟੀ ਦਾ ਪ੍ਰਾਪਤ ਹੋ ਸਕਦਾ ਹੈ । ਸਾਰੀ ਦੁਨੀਆਂ ਦੀਆਂ ਦੌਲਤਾਂ ਤੁਹਾਡੇ ਪੈਰਾਂ ਵਿਚ ਰੁਲਦੀਆਂ ਫਿਰਨਗੀਆਂ ।

—o—



www.AKJ.Org

# ਜਲੰਧਰ ਵਿਖੇ ਮਹਾਨ ਕੀਰਤਨ ਸਮਾਗਮ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨੌਖੰਡ ਪ੍ਰਿਥਵੀ ਤੇ ਧਰਤ ਲੁਕਾਈ ਨੂੰ ਸੋਧਨ ਲਈ ਦੇਸ਼, ਪ੍ਰਦੇਸ਼ਾਂ ਵਿਚ ਰਟਨ ਕਰਕੇ ਅਰਸ਼ੀ ਕੀਰਤਨ ਦਾ ਪ੍ਰਵਾਹ ਚਲਾਇਆ, ਇਸ ਲਈ ਉਹਨਾਂ ਦੇ ਪਵਿਤ੍ਰ ਤੇ ਸ਼ੁਭ ਆਗਮਨ ਉਤਸਵ ਦੇ ਸਬੰਧ ਵਿਚ ਜਲੰਧਰ ਸ਼ਹਿਰ ਵਿਚ ਗੁਰੂ ਸੰਗਤ ਦੀ ਬਖਸ਼ਸ਼ ਨਾਲ ਇਕ ਮਹਾਨ ਕੀਰਤਨ ਸਮਾਗਮ ਹੋ ਰਿਹਾ ਹੈ, ਜਿਸ ਵਿਚ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਮੂਹ ਨਿਰਬਾਣ ਕੀਰਤਨੀ ਜਥੇ ਦੇਸ਼ ਭਰ ਵਿਚੋਂ ਪੁਜ ਰਹੇ ਹਨ, ਆਪ ਜੀ ਸ੍ਰਬਤ ਪਿਆਰੇ ਆਇ ਦੀਦਾਰ ਬਖਸ਼ੋ, ਅਤੇ ਕੀਰਤਨ ਧੁਨਾਂ ਵਿਚ ਜੋੜਨ ਲਈ ਸਹਾਇਤਾ ਬਖਸ਼ੋ।

## * ਕੀਰਤਨ ਪ੍ਰੋਗਰਾਮ *

੧੧-੧੧-੭੦ ਦਿਨ ਬੁਧਵਾਰ

(ੳ) ਕੀਰਤਨ ਆਸਾ ਦੀ ਵਾਰ ਅਰੰਭ ਤਿੰਨ ਵਜੇ ਉਪਰੰਤ ਸ੍ਰੀ ਅਖੰਡ ਪਾਠ ਪ੍ਰਾਰੰਭ ੬ ਵਜੇ ਲਾਇਲਪੁਰ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਅਖੰਡ ਕੀਰਤਨ ੭ ਤੋਂ ੧੨ ਵਜੇ ਤਕ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ, ਜਲੰਧਰ।

(ੲ) ਸ਼ਾਮ ੬ ਤੋਂ ਸਾਢੇ ੮ ਤਕ ਕੀਰਤਨ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

੧੨-੧੧-੭੦ ਦਿਨ ਵੀਰਵਾਰ

(ੳ) ਕੀਰਤਨ ਆਸਾ ਦੀ ਵਾਰ ਅਰੰਭ ੪ ਵਜੇ ਅੰਮ੍ਰਿਤ ਵੇਲੇ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ. ਜਲੰਧਰ।

(ਅ) ਸ਼ਾਮ ੬ ਵਜੇ ਤੋਂ ਸਾਢੇ ੮ ਵਜੇ ਤਕ ਕੀਰਤਨ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ, ਜਲੰਧਰ।

੧੩-੧੧-੭੦ ਦਿਨ ਸ਼ੁਕਰਵਾਰ

(ੳ) ਸਮਾਪਤੀ ਸ੍ਰੀ ਅਖੰਡ ਪਾਠ, ੬ ਵਜੇ ਅੰਮ੍ਰਿਤ ਵੇਲੇ ਉਪਰੰਤ ਕੀਰਤਨ ਆਸਾ ਦੀ ਵਾਰ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਸ਼ਾਮ ੮ ਵਜੇ ਪ੍ਰਾਰੰਭ ਰੈਣ ਸਬਾਈ ਕੀਰਤਨ ਚਲ ਸੋ ਚਲ, ਲਾਇਲਪੁਰ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

ਨੋਟ— (ੳ) ਅੰਮ੍ਰਿਤ ਸੰਚਾਰ ੧੩-੧੧-੭੦ ਸ਼ੁਕਰਵਾਰ, ੧੨ ਵਜੇ ਦਿਨ ਦੇ ਲਾਇਲਪੁਰ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ ਵਿਖੇ ਹੋਵੇਗਾ।

(ਅ) ਬਾਹਰੋਂ ਆਉਣ ਵਾਲੀਆਂ ਸੰਗਤਾਂ ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕਿਰਪਾਲਤਾ ਕਰਨ।

(ੲ) ਬਾਹਰੋਂ ਆਉਣ ਵਾਲੀਆਂ ਸੰਗਤਾਂ ਦੇ ਉਤਾਰੇ ਦਾ ਪ੍ਰਬੰਧ ਲਾਇਲਪੁਰ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ ਵਿਚ ਹੋਵੇਗਾ।

ਪੁਛਗਿੱਛ ਲਈ—ਨਿਰਬਾਣ ਕੀਰਤਨੀ ਜਥਾ,
438 W.G/B ਗੁਰੂ ਨਾਨਕ ਪੁਰਾ (ਸਿਰਾਜ ਗੰਜ)
ਜਲੰਧਰ ਸ਼ਹਿਰ।

ਦਾਸਰੇ—
ਨਿਰਬਾਣ ਕੀਰਤਨੀ ਜਥਾ,
ਜਲੰਧਰ ਸ਼ਹਿਰ।

www.AKJ.Org

# ਗੁਰਮਤਿ ਕੋਚਿੰਗ ਕਲਾਸਾਂ

ਵਿਦਿਆਰਥੀਆਂ ਨੂੰ ਗੁਰਮਤਿ ਦੀ ਸੋਝੀ ਕਰਵਾਉਣ ਲਈ ਪੰਜਾਬ ਖਾਲਸਾ ਦਲ ਵਲੋਂ ਪਟਿਆਲੇ ਵਿਚ ਗੁਰਮਤਿ ਕੋਚਿੰਗ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਇਨ੍ਹਾਂ ਕਲਾਸਾਂ ਵਿਚ ਸਿਖ ਰਹਿਤ ਮਰਯਾਦਾ, ਸਿਖ ਇਤਿਹਾਸ, ਗੁਰਬਾਣੀ ਅਤੇ ਸਿਖ ਸਭਿਆਚਾਰ ਦੀ ਟ੍ਰੇਨਿੰਗ ਦਿਤੀ ਜਾ ਰਹੀ ਹੈ। ਪਿਛਲੇ 3 ਮਹੀਨੇ ਤੋਂ ਇਹ ਕਲਾਸਾਂ ਲਗਾਤਾਰ ਭੁਪਿੰਦਰ ਖਾਲਸਾ ਹਾ: ਸੈ: ਸਕੂਲ, ਰਾਜਿੰਦਰ ਦੇਵਾ ਯਤੀਮ ਖਾਨਾ ਅਤੇ ਖਾਲਸਾ ਕਾਲਜ ਪਟਿਆਲਾ ਵਿਖੇ ਚਲ ਰਹੀਆਂ ਹਨ। ਇਨ੍ਹਾਂ ਕਲਾਸਾਂ ਦੇ ਵਿਦਿਆਰਥੀ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਨਵੰਬਰ ਵਿਚ ਹੋ ਰਹੀ ਵਜ਼ੀਫੇ ਦੀ ਪ੍ਰੀਖਿਆ ਵਿਚ ਸ਼ਾਮਲ ਹੋ ਕੇ ਵਜ਼ੀਫੇ ਪ੍ਰਾਪਤ ਕਰ ਸਕਣਗੇ। ਗੁਰਮਤਿ ਕਾਲਜ ਪਟਿਆਲਾ ਦੇ ਵਿਦਵਾਨ ਸ੍ਰ: ਮਨਿੰਦਰ ਸਿੰਘ ਐਮ. ਏ. ਅਤੇ ਸ੍ਰ: ਗੁਰਚਰਨ ਸਿੰਘ ਐਮ. ਏ. ਨੇ ਵਿਦਿਆਰਥੀਆਂ ਦੀ ਜੀਵਨ ਪੱਧਰ ਉਚੀ ਕਰਨ ਲਈ ਇਨ੍ਹਾਂ ਕਲਾਸਾਂ ਰਾਹੀਂ ਵਿਦਿਆਰਥੀਆਂ ਨੂੰ ਗੁਰਮਤਿ ਦਾ ਗਿਆਨ ਪ੍ਰਦਾਨ ਕੀਤਾ। ਹਰ ਹਫਤੇ ਬਚਿਆਂ ਦਾ ਮੁਕਾਬਲਾ ਕਰਵਾ ਕੇ ਪਹਿਲੇ ਅਤੇ ਦੂਜੇ ਦਰਜੇ ਉਤੇ ਆਉਣ ਵਾਲੇ ਬਚਿਆਂ ਨੂੰ ਇਨਾਮ ਭੇਟ ਕੀਤੇ ਜਾਂਦੇ ਹਨ ਦਲ ਵਲੋਂ ਵਖ ਵਖ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਹਿਤ ਵਿਦਿਆਰਥੀਆਂ ਦੇ ਜੱਥੇ (ਯੂਨਿਟਾਂ) ਕਾਇਮ ਕੀਤੀਆਂ ਜਾ ਰਹੀਆਂ ਹਨ। ਸਭ ਗੁਰਸਿਖਾਂ ਨੂੰ ਦੋਇ ਕਰ ਜੋੜ ਬੇਨਤੀ ਹੈ ਕਿ ਪੰਥ ਦਰਦੀ ਬਚਿਆਂ ਵਲੋਂ ਚਲਾਈ ਗਈ ਇਸ ਲਹਿਰ ਨੂੰ ਪ੍ਰਫੁਲਤ ਕਰਨ ਲਈ ਆਪਣੇ ਬਚਿਆਂ ਨੂੰ ਇਸ ਜਥੇਬੰਦੀ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਕਰੋ। ਦਲ ਸਬੰਧੀ ਜਾਣਕਾਰੀ ਗੁਰੂ ਨਾਨਕ ਸਿਲਾਈ ਸਕੂਲ, ਰੈਡਕਰਾਸ ਰੋਡ, ਪਟਿਆਲਾ–3 ਨੂੰ ਪਤ੍ਰਕਾ ਲਿਖ ਕੇ ਕੀਤੀ ਜਾ ਸਕਦੀ ਹੈ।

---

(ਸਫ਼ਾ ੩੭ ਦੀ ਬਾਕੀ)

ਅਣਗਿਣਤ ਸੰਗਤਾਂ ਦੀ ਆਵਾਜਾਈ ਨਾਰੰਗਵਾਲ ਸਾਡੇ ਗ੍ਰਹਿ ਵਿਖੇ ਰੋਜ਼ ਰੋਜ਼ ਹੋਇਆ ਕਰਦੀ ਸੀ ਤੇ ਬਰਸਾਂ ਬਧੀ ਹੁੰਦੀ ਰਹੀ! ਆਈਆਂ ਸੰਗਤਾਂ ਦੇ ਸਾਂਭਣ ਦਾ ਭਾਰੀ ਪ੍ਰੀਸ਼ਰਮ ਭਾਈ ਰਾਮ ਸਿੰਘ ਜੀ ਦੇ ਨੀ ਜ਼ੁਮੇਂ ਸੀ, ਸੋ ਉਹਨਾਂ ਨੇ ਖੂਬ ਪਰੇਮ ਤੇ ਤਨੋਂ ਮਨੋਂ ਤੋੜ ਨਿਬਾਹਿਆ ਤੇ ਸਾਡੇ ਚੋਹਾਂ ਪੰਜਾਂ ਪਿੰਡਾਂ ਵਿਚ ਭਾਈ ਰਾਮ ਸਿੰਘ ਜੀ ਜਥੇਦਾਰ ਇਕ ਮੰਨੇ-ਦੰਨੇ ਜਲਾਲੀ ਸਿੰਘ ਸਨ, ਇਹਨਾਂ ਦੀ ਕੀਤੀ ਕੋਈ ਨਹੀਂ ਮੋੜਦਾ ਸੀ ਨਿਰਬਾਣ ਤੇ ਨਿਰਤਾਣ ਸੇਵਾ ਦੇ ਪੁਤਲੇ ਜਥੇਦਾਰ ਰਾਮ ਸਿੰਘ ਜੀ ਦਿਨੇ ਰਾਤ ਸੇਵਾ ਵਿਚ ਜੁਟੇ ਰਹਿੰਦੇ ਸਨ। ਗਰੀਬਾਂ ਨਿਰਧਨਾਂ ਦੀ ਸੇਵਾ ਦਾ ਬੀੜਾ ਇਹਨਾਂ ਹੀ ਚੁਕ ਕੇ ਉਹਨਾਂ ਦੇ ਸਭ ਦੁਖ ਦਲਿਦਰ ਦੂਰ ਕੀਤੇ। ਗੁਰਮਤਿ ਸਤਸੰਗ ਸਮਾਗਮਾਂ ਤੇ ਤਾਂ ਇਹਨਾਂ ਦਾ ਨਿਤ ਦਾ ਵਿਹਾਰ ਹੀ ਸੀ ਤੇ ਸਮੁੰਦਰ (ਦੁਧ) ਦੀਆਂ ਭਰੀਆਂ ਬਾਲਟੀਆਂ, ਵਲਟੋਹੀਆਂ ਖੁਦ ਸਿਰ ਤੇ ਚੁਕ ਲਿਆਵਣੀਆਂ ਤੇ ਸੰਗਤਾਂ ਵਿਚ ਆਪਣੀ ਹਥੀਂ ਵਰਤਾਉਣੀਆਂ। ਸਰੀਰ ਦੇ ਬੜੇ ਰਿਸ਼ਟ ਪੁਸ਼ਟ ਸਨ ਤੇ ਨਿਰਭੈ ਜੋਧੇ ਸਨ। ਸਾਡੇ ਅੱਖਾਂ ਦੇ ਅਗੇ ਉਹਨਾਂ ਦੇ ਜਥੇ ਵਾਲੇ ਚਿਹਰੇ ਦੀ ਤਸਵੀਰ ਹੁਣ ਤਾਈਂ ਫਿਰਦੀ ਰਹਿੰਦੀ ਹੈ। ਜਿਹੜੀਆਂ ਸੰਗਤਾਂ ਦੂਰੋਂ ਦੂਰੋਂ ਪੈਦਲ ਚਲ ਕੇ ਸਮਾਗਮਾਂ ਤੇ ਆਉਂਦੀਆਂ ਸਨ, ਉਹਨਾਂ ਦੀ ਆਪਣੇ ਹਥਾਂ ਨਾਲ ਸਾਰੀ ਸਾਰੀ ਰਾਤ ਮੁਠੀ ਚਾਪੀ ਕਰਨੀ ਤੇ ਕਿਸੇ ਨੂੰ ਪਤਾ ਨਹੀਂ ਲਗਣ ਦੇਣਾ, ਇਹੋ ਹੀ ਨਿਰਮਾਣ ਸੇਵਾ ਦਾ ਬਿਰਦ ਸੀ। ਇਸੇ ਤਰ੍ਹਾਂ ਹੀ ਸਾਰੀ ਉਮਰ ਸੂਰਬੀਰ ਸਿੰਘਾਂ ਵਾਲੀਆਂ ਘਾਲਾਂ ਘਾਲਦੇ ਹੋਏ ਲੇਖੇ ਲਾਈ ਅਤੇ ਕਿਸੇ ਪਾਸੋਂ ਆਪਣੀ ਸੇਵਾ ਨਹੀਂ ਕਰਾਈ। ਅਸਾਥੋਂ ਕਿਸੇ ਦਿਨ ਵੀ ਇਕ ਖਿਨ ਮਾਤਰ ਦੂਰ ਨਹੀਂ ਰਹਿੰਦੇ ਸਨ, ਨਿਤਾ ਪ੍ਰਤਿ ਗੁਜਰਵਾਲ ਤੋਂ ਨਾਰੰਗਵਾਲ ਆ ਕੇ ਸਾਨੂੰ ਮਿਲਣਾ ਤੇ ਮਿਲਦੇ ਹੀ ਰਹਿਣਾ। ਵਾਪਸੀ ਜਾਣ ਦਾ ਨਾ ਨਹੀਂ ਲੈਣਾ, ਜਦੋਂ ਅੰਤੀ ਚਾਲੇ ਪਾਉਣ ਲਗੇ ਤਾਂ ਸਾਡੀ ਬਾਤ ਵੀ ਨਹੀਂ ਪੁਛੀ, ਨਾ ਹੀ ਸਾਡੇ ਨਾਲ ਕੋਈ ਮਤਾ ਪਕਾਇਆ। ਕਿਸੇ ਨੂੰ ਵੀ ਆਸ ਨਹੀਂ ਸੀ ਕਿ ਸਿਹਤ ਦੀ ਐਸੀ ਰਿਸ਼ਟ ਪੁਸ਼ਟ ਹਾਲਤ ਵਿਚ ਐਡੀ ਛੇਤੀ ਚਲਾਣੇ ਕਰ ਜਾਣਗੇ। ਆਪ ਤਾਂ ਜਾਇ ਗੁਰਪੁਰੀ ਵਿਚ ਆਸਣ ਜਮਾ ਦਿਤੇ ਤੇ ਸਾਨੂੰ ਬ੍ਰਿਹੀਆਂ ਵਿਜੋਗੀਆਂ ਨੂੰ ਪਿਛੇ ਛਡ ਗਏ। ਇਹ ਸੰਖੇਪ ਮਾਤਰ ਵਿਰਤਾਂਤ ਉਹਨਾਂ ਦੀ ਯਾਦ ਵਜੋਂ ਅੰਕਤ ਕੀਤਾ ਗਿਆ ਹੈ।

——



www.AKJ.Org

# ਮਾਇਆ ਦਾ ਪ੍ਰਭਾਵ ਤੇ ਇਸ ਤੋਂ ਛੁਟਕਾਰਾ

ਵਲੋਂ :

ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਲੜੀ ਜੋੜਨ ਲਈ ੫ ਅਕਤੂਬਰ ਦਾ ਸੂਰਾ ਵੇਖੋ)

ਛੰਤ– ਜਾ ਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ। ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ। ਜਪ ਤਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ। ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ। ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ। ਦਇਆਲ ਲਾਲ ਗੋਬਿੰਦ ਨਾਨਕ ਮਿਲੁ ਸਾਧ ਸੰਗਤਿ ਹੋਇ ਗਤੇ। ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ। ਚਾਹਹਿ ਤੁਝਹਿ ਦਇਆਰ ਮਨ ਤੰਨਿ ਰੁਚ ਅਪਾਰ। ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ। ਸੁਰ ਸਿਧ ਗੁਣ ਗੰਧਰਬ ਧਿਆਵਹਿ ਜਖ ਕਿੰਨਰ ਗਣ ਭਨੀ। ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ। ਅਨਾਥ ਨਾਥ ਦਇਆਲ ਨਾਨਕ ਸਾਧ ਸੰਗਤਿ ਮਿਲਿ ਉਧਾਰ। ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ। ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ। ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ। ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ। ਸਿਮ੍ਰਿਤ ਪੁਰਾਣ ਚਤੁਰ ਬੇਦਹ ਖਟ ਸਾਸਤ੍ਰ ਜਾ ਕਉ ਜਪਾਤਿ। ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ। ਜੇਤੀ ਪ੍ਰਭੂ ਜਨਾਈ ਰਚਨਾ ਤੇਤ ਭਨੀ। ਅਨ ਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ। ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ। ਸਰਬ ਜਾਚਿਕ ਇਕ ਦਾਤਾ ਨਹ ਦੂਰਿ ਸੰਗ ਜਾਹਰਾ। ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ। ਇਹ ਦਾਨੁ ਮਾਨੁ ਨਾਨਕੁ ਪਾਇ ਸੀਸੁ ਸਾਧਹ ਧਰਿ ਚਰਨੀ।

ਇਸ ਗੁਰਵਾਕ ਦੇ ਭਾਵ ਤੋਂ ਸਾਫ ਸਿਧ ਹੁੰਦਾ ਹੈ ਕਿ ਗੁਰਮਤਿ ਮਤ ਬਾਰੇ ਬਿਹੂਨ ਆਨਮਤੀ ਲੋਗ ਭਾਵੇਂ ਕਿਨੇ ਹੀ ਜਪ ਤਾਪ ਸੰਜਮ ਪੂਜਾ ਕਰਦੇ ਫਿਰਨ ਉਨ੍ਹਾਂ ਦਾ ਕਦੇ ਨਿਸਾਤਰਾ ਤੇ ਪਾਰ ਉਤਾਰਾ ਨਹੀਂ ਹੋ ਸਕਦਾ, ਜਿਸ ਵਾਹਿਗੁਰੂ ਨੂੰ ਵਡੇ ੨ ਰਿਸ਼ੀ ਮੁਨੀ ਅਵਤਾਰ ਗੁਰਮਤਿ ਬਿਪਰਜੇ ਨਾਮਾਂ ਕਰਮਾ ਧਰਮਾਂ ਰਾਹੀਂ ਢੂੰਡਦੇ ਫਿਰਦੇ ਹਨ ਉਸ ਵਾਹਿਗੁਰੂ ਦੀ ਪ੍ਰਾਪਤੀ ਕੇਵਲ ਗੁਰਮਤਿ ਦੁਆਰਾ ਸੰਭਵ ਹੈ ਯਥਾ ਵਿਆਖਿਆ– ਅਨਗਣਿਤ ਹੀ ਮੋਨ ਧਾਰਨ ਵਾਲੇ ਅਨਮਤੀ ਅਤੇ ਅਸੰਖ ਆਨਮਤਿ ਦਾ ਤਪ ਕਰਨ ਵਾਲੇ ਤਪੀ ਤਪੀਸ਼ਰ ਆਪੋ ਆਪਣੀ ਮਤਾਂ ਦੁਆਰਾ ਵਾਹਿਗੁਰੂ ਦੇ ਮੁਤਲਾਸ਼ੀ ਬਣਦੇ ਹਨ। ਕ੍ਰੋੜਾਂ ਹੀ ਬ੍ਰਹਿਮੇ ਸਾਰਖੇ ਦੇਵਤੇ ਆਪਣੀ ਆਪਣੀ ਮਤਿ ਅਨੁਸਾਰ (ਆਪ ਹੁਦਰੇ ਹੀ) ਉਸ ਵਾਹਿਗੁਰੂ ਨੂੰ ਅਰਾਧਦੇ ਹਨ ਅਤੇ ਕੋਟਾਨ ਕੋਟ ਗਿਆਨੀ ਆਪੋ ਆਪਣੀ ਅਲਪਗ ਮਤਿ ਦੇ ਗਿਆਨ ਅਨੁਸਾਰ ਵਾਹਿਗੁਰੂ ਦਾ ਜਾਪ ਜਪਦੇ ਫਿਰਦੇ ਹਨ, ਇਸ ਪ੍ਰਕਾਰ ਦੀ ਅਨਮਤ ਸਾਧਨਾਂ ਵਾਲੀ ਜਪ ਤਾਪ ਸੰਜਮ ਕਿਰਿਆ ਚਾਹੇ ਲਖ ਵਾਰ ਕਰ ਲੈਣ ਅਨੇਕ ਪ੍ਰਕਾਰ ਦੀ ਇੰਦਰੀਆਂ ਨੂੰ ਰੋਕਣ ਵਾਲੀ ਸਾਧਨਾਂ ਕਰਕੇ ਆਪਣੇ ਆਪ ਨੂੰ ਸ਼ੁਧ ਕਰਨ ਦੇ ਮਨਮਤੀ ਸੰਸਕਾਰਾਂ ਨੂੰ ਭਾਵੇਂ ਕਿਤਨਾ ਹੀ ਕਰ ਲੈਣ ਪਰ ਉਨ੍ਹਾਂ ਦਾ ਕੁਝ ਨਹੀਂ ਬਣਦਾ, ਅਨੇਕਾਂ ਹੀ ਮਨਮਤੀ ਲੋਗ



www.AKJ.Org

ਮੁਢ ਤੋਂ ਹੀ ਆਨਮਤੀ ਤੀਰਥਾਂ ਤੇ ਭਰਮਣ ਕਰਦੇ ਵਿਰਦੇ ਤੇ ਨਹਾਉਂਦੇ ਰਹਿੰਦੇ ਹਨ, ਇਸ ਪਰਕਾਰ ਦਾ ਤੀਰਥ ਗਵਨ ਬਸੁਧਾ ਭਰਮਣੀ ਦੌਰਾ ਉਹੋ ਵਾਹਿਗੁਰੂ ਨਿਰੰਜਨ ਨੂੰ ਮਿਲਣ ਲਈ ਕਰਦੇ ਹਨ। ਏਹ ਸਭ ਬਿਰਥਾ ਹੀ ਜਾਂਦਾ ਹੈ, ਬਣਾਂ ਬ੍ਰਿਛਾਂ ਦੇ ਫਲ ਪੱਤ੍ਰ ਖਾ ਕੇ ਬਹੁਤ ਸਾਰੇ ਮਾਨੁਖ ਹੇ ਵਾਹਿਗੁਰੂ ਤੈਨੂੰ ਅਰਾਧਣ ਦਾ ਜਤਨ ਕਰਦੇ ਹਨ, ਇਹ ਸਾਰੇ ਪਸ਼ੂ ਪੰਖੀ ਵੀ ਤੈਨੂੰ ਹੀ ਅਰਾਧਦੇ ਸੁਣੀਦੇ ਹਨ, ਪਰੰਤੂ ਹੇ ਦਿਆਲ ਲਾਲ ਗੋਬਿੰਦ ਵਾਹਿਗੁਰੂ, ਨਾਨਕ ਸਾਹਿਬ ਦੀ (ਗੁਰੂ ਘਰ ਦੀ) ਸਾਧ ਸੰਗਤ ਵਿਚ ਮਿਲਿਆਂ ਹੀ ਅਮੁਲ ਗੁਰਮਤਿ ਧਾਰਿਆਂ ਹੀ ਸਭ ਦੀ ਸਦ ਗਤੀ ਕਲਿਆਣ ਹੋ ਸਕਦੀ ਹੈ, ਗੁਰਮਤਿ ਹੀਣਿਆਂ ਨਿਗੁਰਿਆਂ ਦੇ ਉਪਰ ਦਸੇ ਜਪ, ਤਪ ਅਤੇ ਹੋਰ ਸਾਧਨ ਸਭ ਬਿਰਥੇ ਜਾਂਦੇ ਹਨ। ਹੋਰ ਤਾਂ ਹੋਰ ਕਰੋੜਾਂ ਹੀ ਬਿਸ਼ਨੂੰ ਅਵਤਾਰ ਅਤੇ ਜਟਾਧਾਰੀ ਸ਼ਿਵ ਜੀ (ਸ਼ੰਕਰ) ਦੇਵਤੇ ਆਪਣੀ ਮਨ ਹੁਦਰੀ ਚਾਹਿਨਾਂ ਦੁਆਰਾ ਤੈਨੂੰ ਚਾਹੁੰਦੇ ਹਨ, ਪਰੰਤੂ ਹੇ ਅਪਰੰਪਰ ਅਗਮ ਅਗੋਚਰ ਵਾਹਿਗੁਰੂ ਗੋਬਿੰਦ, ਠਾਕੁਰ, ਤੂੰ ਭਾਵੇਂ ਸਭਨਾਂ ਦੀ ਪਾਲਨਾ ਕਰਨ ਵਾਲਾ ਸਚਾ ਮਾਲਿਕ ਹੈਂ, (ਪਰ ਤੈਨੂੰ ਧਿਆਉਣਾ ਤਿਨ੍ਹਾਂ ਦਾ ਹੀ ਥਾਂਇ ਪੈਂਦਾ ਹੈ) ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਮਤਿ ਸੁਮਤਿ ਗੁਰਮਤਿ ਧਾਰਨ ਕੀਤੀ ਹੈ, ਸੁਰ, ਸਿਧ, ਗੰਧਰਬ, ਮਨ, ਜਨ, ਜਖ, ਕਿਨਰ ਬੇਸ਼ੁਮਾਰ ਹੀ ਆਪੋ ਆਪਣੀ ਮਤਿ ਅਨੁਸਾਰ ਤੈਨੂੰ ਧਿਆਉਂਦੇ ਤੇ ਤੇਰੇ ਗੁਣ ਗਾਵਣ ਦਾ ਜਤਨ ਕਰਦੇ ਹਨ। ਕੋਟਾਨ ਕੋਟ ਇੰਦਰ ਆਦਿਕ ਅਨੇਕ ਦੇਵਤੇ ਹੇ ਵਾਹਿਗੁਰੂ ਸੁਆਮੀ ਤੈਨੂੰ ਆਪੋ ਆਪਣੀ ਅਨੁਸਾਰ ਜਪਦੇ ਹਨ ਅਤੇ ਆਪਣੇ ਜਾਣੇ ਤੇਰਾ ਜੈ ਜੈ ਕਾਰ ਵੀ ਬਥੇਰਾ ਕਰਦੇ ਹਨ ਪਰੰਤੂ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਹੇ ਨਾਥਾਂ ਦੇ ਨਾਥ ਦਿਆਲ ਅਕਾਲ ਵਾਹਿਗੁਰੂ ਕੇਵਲ ਗੁਰੂ ਘਰ ਦੀ ਸਾਧ ਸੰਗਤ ਨੂੰ ਮਿਲ ਕੇ ਹੀ ਉਹਨਾਂ ਦਾ ਅਧਾਰ ਹੋ ਸਕਦਾ ਹੈ। ਕਰੋੜਾਂ ਦੇਵੀਆਂ ਅਤੇ ਲਛਮੀਆਂ ਨਾਨਾ ਪ੍ਰਕਾਰ ਦੀ ਆਪੋਂ ਹੁਦਰੀ ਤੇਰੀ ਸੇਵਾ ਸਾਧਨਾਂ ਕਰਦੀਆਂ ਹਨ, ਅਨੇਕਾਂ ਹੀ ਗੁਪਤ ਪ੍ਰਗਟ ਲੋਗ ਅਰਾਧਨੀ ਤੇਰੀ ਅਰਾਧਨਾ ਕਰਦੇ ਹਨ, ਉਂਞ ਤਾਂ ਪੌਣ ਪਾਣੀ ਬੈਸੰਤ੍ਰ ਆਦਕ ਦਿਨਸ ਰਾਤਿ ਤੇਰੀ ਸੇਵਾ ਕਰਦੇ ਦਸੀਦੇ ਹਨ ਅਤੇ ਇਉਂ ਭੀ ਦਿਸ ਆਉਂਦਾ ਹੈ ਕਿ ਬੇਅੰਤ ਤਾਰੇ, ਸਤਾਰੇ, ਚੰਦ, ਸੂਰਜ ਆਦਿਕ ਅਨੇਕ ਪ੍ਰਕਾਰ ਦੀਆਂ ਅਕਾਸ਼ ਮੰਡਲ ਵਿਚ ਦਿਸਣ ਵਾਲੀਆਂ ਤਾਰਾ ਗਣੀ ਧਰਤੀਆਂ (ਪਲਾਂਟਸ) ਤੈਨੂੰ ਹੀ ਧਿਆਉਂਦੇ ਗਾਉਂਦੇ ਸੁਣੀਦੇ ਹਨ। ਸਗਲੀਆਂ ਬਾਣੀਆਂ ਬੋਲ ਬਬਾਣੀਆਂ ਸਦਾ ਸਦਾ ਤੈਨੂੰ ਹੀ ਧਿਆਉਂਦੇ ਦਸੀਦੇ ਹਨ ਅਤੇ ਸਾਰੀਆਂ ਸਿਮਰਤੀਆਂ ਸਾਰੇ ਪੁਰਾਣ, ਚਾਰੇ ਵੇਦ, ਛੇ ਹੀ ਸ਼ਾਸਤਰ ਇਸ ਵਾਹਿਗੁਰੂ ਨੂੰ ਜਪਣ ਦਾ ਤਰਲਾ ਮਾਰਦੇ ਹਨ, ਪਰ ਉਹ ਪਤਤ ਪਾਵਨ, ਭਗਤੁ ਵਛਲ ਵਾਹਿਗੁਰੂ, ਗੁਰੂ ਨਾਨਕ ਦੇਵ ਜੀ ਦੇ (ਗੁਰੂ ਘਰ ਦੇ) ਸਤਿਸੰਗ ਰੂਪ ਵਿਖੇ ਹੀ ਲਭਦਾ ਹੈ। ਜਿਤਨੀ ਭੀ ਸ੍ਰਿਸ਼ਟੀ ਵਾਹਿਗੁਰੂ ਨਿਰੰਕਾਰ ਸਿਰਜਨਹਾਰ ਨੇ ਸਾਡੀ ਸਮਝ ਗੋਚਰੀ ਕੀਤੀ ਹੈ ਦਾਸ ਨੇ ਉਤਨੀ ਹੀ ਬਿਆਨ ਕਰ ਦਿਤੀ ਹੈ। ਇਸ ਤੋਂ ਇਲਾਵਾ ਜੋ ਸਾਡੇ ਜਾਣੇ ਤੋਂ ਬਿਨਾਂ ਹੈ ਉਸ ਨੂੰ ਸੇਵਣ ਦਾ ਤਰਲਾ ਮਾਰਦੀ ਹੈ ਉਹ ਸਾਥੋਂ ਗਿਣੀ ਨਹੀਂ ਜਾਂਦੀ (ਹੋਰ ਕੇਤੇ ਤੁਧ ਨੂੰ ਗਾਵਨਿ ਸੇ ਮੈ ਚਿਤ ਨ ਆਵਨਿ) ਹੇ ਅਬਨਾਸੀ (ਅਬਗਤ) ਬੇਅੰਤ ਅਤੇ ਅਥਾਹ ਠਾਕਰ (ਵਾਹਿਗੁਰੂ) ਤੂੰ ਸਾਰਿਆਂ ਦੇ ਵਿਚ ਅਤੇ ਬਾਹਰ ਦਿਸਦਾ ਹੈਂ, ਤੂੰ ਹੀ ਵਸਦਾ ਹੈਂ, ਪਰ ਇਸ ਭੇਦ ਨੂੰ ਪ੍ਰਤੱਖ ਲਗਦਾ ਕੋਈ ਗੁਰਮੁਖ ਜਨ ਹੀ ਹੈ। ਮੰਨਣ ਵਾਲੇ ਬਥੇਰੇ ਅਤੇ ਅਣਗਿਣਤ ਹਨ ਦਾਤਾ ਤੂੰ ਸਭ ਦਾ ਇਕੋ ਹੀ ਹੈਂ, ਜੋ ਕਿਸੇ ਤੋਂ ਵੀ ਦੂਰ ਨਹੀਂ। ਸਾਰਿਆਂ ਦਾ ਸੰਗੀ, ਸਾਰਿਆਂ ਦੇ ਨਿਕਟ ਜ਼ਾਹਰ ਜ਼ਹੂਰ ਵਰਤਨ ਵਾਲਾ ਭੀ ਤੂੰ ਹੀ ਹੈਂ। ਪਰ ਹੇ ਵਾਹਿਗੁਰੂ! ਤੂੰ ਸਚੇ ਭਗਤਾਂ ਗੁਰੂ ਘਰ ਦੇ ਗੁਰਮੁਖ ਜਨਾਂ ਦੇ ਹੀ ਵਸਗਤ ਆਉਂਦਾ ਹੈਂ, ਉਸ ਹੀ ਤੈਨੂੰ ਪ੍ਰਗਟ ਪਹਾਰੇ ਸਾਮਰਤਖ ਦੇਖਦੇ ਪੇਖਦੇ ਹਨ ਅੰਤਰ ਆਤਮੇ ਹੀ ਹੇ ਪ੍ਰਮਾਤਮਾ ਵਾਹਿਗੁਰੂ ਤੂੰ ਜਿਨ੍ਹਾਂ ਗੁਰਮੁਖ ਜਨਾਂ ਨੂੰ ਮਿਲ ਕੇ ਦਰਸ ਦਿਖਲਾਂਵਦਾ ਹੈਂ ਇਸ ਦੀ ਉਪਮਾ ਕਿਵੇਂ ਗਿਣੀ ਜਾਵੇ, ਗੁਰੂ ਨਾਨਕ ਸਾਹਿਬ ਇਹ



www.AKJ.Org

ਅਕਾਂਖਿਆ ਜ਼ਾਹਰ ਕਰਦੇ ਹਨ ਕਿ ਤੇਰੇ ਜੇਹੇ ਗੁਰਮੁਖ ਸਾਧ ਜਨਾਂ ਦੇ ਚਰਨਾਂ ਤੇ ਹੀ ਸਾਡਾ ਸੀਸ ਧਰਿਆ ਰਹੇ, ਬਸ ਇਹ ਸਭ ਤੋਂ ਵਡਾ ਦਾਨ ਤੇ ਸਭ ਤੋਂ ਵਡਾ ਮਾਨ ਹੈ। ਇਸ ਸਮੁਚੇ ਗੁਰਵਾਕ ਤੋਂ ਸਿਧ ਹੋਇਆ ਕਿ ਸਚੀ ਦਾਨ ਮਾਨੀ ਕਲਿਆਨ ਗਤੀ ਕੇਵਲ ਗੁਰੂ ਘਰ ਅੰਦਰ ਹੀ ਹੈ ਜੋ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਗੁਰਮਤਿ ਗਰਹਣੀਆਂ ਗੁਰਮਤਿ ਜਨਾਂ ਨੂੰ ਸਾਰੀ ਕਾਇਨਾਤ ਹੀ ਵਾਹਿਗੁਰੂ ਦਾ ਜਾਪ ਜਪਦੀ ਸੁਣੇਂਦੀ ਹੈ, ਪਰੰਤੂ ਵਾਸਤਵ ਵਿਚ ਤਤ ਗੁਰਮਤਿ ਜਾਪ ਕਰਨ ਹਾਰੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਵਰੋਸਾਏ ਗੁਰਮੁਖ ਜਨ ਹੀ ਹਨ। ਮਤ ਕੋਈ ਇਹ ਖਿਆਲ ਕਰੇ ਮਤ ਕੋਈ ਸ਼ੁਸ਼ਕ ਗਿਆਨੀ ਅਤੇ ਖੁਸ਼ਕ ਫਿਲਾਸਫਰ ਇਹ ਅਨੁਮਾਨ ਲਾਵੇ ਕਿ ਚਰਾਚਰ ਦੀ ਸ੍ਰਿਸ਼ਟੀ ਅਤੇ ਜੀਵ ਜੋ ਰਚਨਹਾਰ ਸਿਰਜਨਹਾਰ ਦੇ (ਸਿਰਜੇ) ਰਚੇ ਹੋਏ ਹਨ ਉਹ ਸੁਤੇ ਸੁਭਾਵ ਹੀ ਵਾਹਿਗੁਰੂ ਦਾ ਅਲਾਪ ਜਪਦੇ ਹਨ. ਜੇ ਐਸਾ ਹੁੰਦਾ ਤਾਂ ਉਤਮ ਜਗਿਆਸੂ ਜਨਾਂ ਨੂੰ ਆਤਮ ਕੋਲ ਕਰਨ ਦੇ ਅਭਿਆਸੀ ਜਨਾਂ ਨੂੰ ਗੁਰੂ ਦੁਆਰਿਓਂ ਗੁਰ ਦੀਖਿਆ ਲੈਕੇ ਅਕਥ ਅਤੇ ਅਤੁਟ ਅਭਿਆਸ ਕਮਾਈਆਂ ਕਰਨ ਦੀ ਕੀ ਲੋੜ ਸੀ, ਗੁਰਮਿਤ ਦੇ ਤਤ ਅਭਿਆਸ ਕਰਨੀ ਦਾਇਰੇ ਅੰਦਰ ਆਉਣ ਤੋਂ ਡਰਪੋਕ ਤੇ ਖਰੜ ਗਿਆਨੀ ਹੀ ਐਸਾ ਗਿਆਨ ਘੋਟਦੇ ਹਨ ਕਿ ਜਾਪ ਅਭਿਆਸ ਤਾਂ ਸੁਤੇ ਸੁਭਾਵ ਹੀ ਹੋ ਰਿਹਾ ਹੈ, ਇਹ ਉਨ੍ਹਾਂ ਦਾ ਨਿਰਾ ਕਥਨ ਮਾਤਰ ਹੀ ਢਕੋਂਸਲਾ ਹੈ, ਸਰਗੁਣ ਨਿਰੰਕਾਰ ਦੀ ਸੁੰਨ ਸਮਾਧੀ ਵਿਚ ਅਸਥਿਤ ਹੋਣ ਦੀ ਤਤਿਖਸ਼ਾ ਤੋਂ ਡਰਦੇ ਹੋਏ ਹੀ ਐਸੇ ਲੋਕ ਅਜੇਹੀਆਂ ਘਾੜਤਾਂ ਘੜ ਲੈਂਦੇ ਹਨ ਅਤੇ ਉਪਰ ਦਸੇ ਗੁਰਵਾਕ ਅੰਦਰ ਆਈਆਂ ਦਲੀਲਾਂ ਅਗੇ ਬੇਦਲੀਲ ਦਲੀਲਾਂ ਡਾਹ ਦੇਂਦੇ ਹਨ।

ਸਲੋਕ ਮ: ੧ ॥

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ। ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ। ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ। ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ। ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ। ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ। ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ। ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ। ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ। ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ। ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ। ਓਇ ਜਿ ਆਖਹਿ ਸੁ ਤੂੰ ਹੈ ਜਾਣਹਿ ਤਿਨਾ ਭਿ ਤੇਰੀ ਸਾਰ। ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ। ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਵੰਤਿਆ ਪਾਛਾਰੁ।

ਇਸ ਗੁਰਵਾਕ ਦੁਆਰਾ ਕੂੜਾੜੇ ਫਿਰਕੇ ਬੰਦੀਆਂ ਕੂੜਾਵੇ ਆਨ ਭੇਖਾਂ ਦਾ ਜ਼ਿਕਰ ਆਉਂਦਾ ਹੈ। ਮੁਸਲਮਾਨ ਮਤ ਜੋ ਹੈ ਉਸ ਤੇ ਚਲਣ ਹਾਰੇ ਮੁਸਲਮਾਨ ਲੋਗ ਬਹੁਤਾ ਸ਼ਰਹ ਪਰ ਹੀ ਜ਼ੋਰ ਦੇਂਦੇ ਹਨ। ਇਹ ਸਿਫਤ ਸਾਲਾਹ ਬੰਦਗੀ ਨੂੰ ਮੁਖ ਨਹੀਂ ਰਖਦੇ, ਸਚੀ ਸਿਫ਼ਤ ਸਾਲਾਹ ਬੰਦਗੀ ਮੁਸਲਮਾਨੀ ਮਤ ਅੰਦਰ ਹੈ ਹੀ ਨਹੀਂ ਅਤੇ ਸ਼ਰਹ ਸ਼ਰੀਅਤਾਂ ਨੂੰ ਨੂੰ ਪੜ੍ਹ ਕੇ ਜੋ ਵੀਚਾਰ ਕਰਦੇ ਹਨ ਉਸ ਦੇ ਉਪਰ ਹੀ ਜ਼ੋਰ ਦੇਂਦੇ ਹਨ। ਬਹੁਤ ਕਰਕੇ ਅਸਲੀ ਮੁਸਲਮਾਨ ਬੰਦੇ ਉਹ ਹਨ ਜੋ ਵਾਹਿਗੁਰੂ ਦੀਦਾਰ ਦੇਖਣ ਖਾਤਰ ਸਚੀ ਸਿਫਤ ਸਾਲਾਹੀ ਪਾਬੰਦੀ ਵਿਚ ਪੈਂਦੇ ਹਨ ਨਹੀਂ ਤਾਂ ਨਿਰਾ ਸ਼ਰਹਬਾਜ਼ੀ ਤੇ ਹੀ ਜ਼ੋਰ ਦੇਣਾ ਤਿਨ੍ਹਾਂ ਨੂੰ ਸਚੇ ਮੁਸਲਮਾਨ ਨਹੀਂ ਬਣਾ ਸਕਦਾ, ਇਸੇ ਤਰ੍ਹਾਂ ਸਚੇ ਹਿੰਦੂ ਉਹ ਹੀ ਹਨ ਜੋ ਸਾਲਾਹੀ ਵਾਹਿਗੁਰੂ ਨੂੰ ਸਲਾਹੁੰਦੇ ਹਨ, ਉਸ ਦੇ ਅਪਾਰ ਰੂਪ ਦੇ ਦਰਸ਼ਨ ਹਿਤ, ਪਾਖੰਡੀ ਹਿੰਦੂ ਨਿਰਾ ਤੀਰਥਾਂ ਤੇ ਨ੍ਹਾਉਣ ਨੂੰ ਅਤੇ ਸਾਕਾਰ ਮੂਰਤੀਆਂ ਅਗੇ ਧੂਪ ਦੀਪ ਕਰਨ ਨੂੰ ਇਸ ਇਸ ਪ੍ਰਕਾਰ ਦੀ ਨਿਰੀ ਬੁਤ ਪ੍ਰਸਤੀ ਵਾਲੀ ਪੂਜਾ ਨੂੰ ਹੀ ਪ੍ਰਮ ਕਰਮ ਧਰਮ ਮੰਨਦੇ ਹਨ, ਜਿਤਨੇ ਭੀ ਜੋਗੀ ਭੇਖ ਵਾਲੇ ਹਨ, ਉਹ ਨਿਰਾ ਸੁਣ ਸੁਣ ਕੇ ਹੀ



www.AKJ.Org

ਫੋਕਾ ਧਿਆਨ ਜਮਾਉਂਦੇ ਹਨ, ਵਾਹਿਗੁਰੂ ਕਰਤਾਰ ਅਤੇ ਵਾਹਿਗੁਰੂ ਨਾਮ ਅਲਖ ਹੀ ਰਹਿ ਜਾਂਦਾ ਹੈ, ਉਸ ਨੂੰ ਜੋਗੀ ਲਖ ਹੀ ਨਹੀਂ ਸਕਦੇ। ਨਿਰੰਜਨ ਅਤੇ ਨਿਰੰਜਨੀ ਨਾਮ ਅਤੀ ਸੂਸ਼ਮ ਰੂਪ ਦਿਬ ਸਰੂਪ ਵਾਲੇ ਹਨ, ਉਹ ਭੇਖੀ ਲੋਕ ਨਿਰੰਜਨ ਦੀ ਮਨ ਕਲਪਤ ਕਾਇਆ ਦਾ ਆਕਾਰ ਬਣਾ ਕੇ ਹੀ ਖਚਤ ਰਹਿੰਦੇ ਹਨ, ਉਨ੍ਹਾਂ ਨੂੰ ਅਲਖ ਨਿਰੰਜਨ ਆਕਾਰ ਦੀ ਸੂਝ ਬੂਝ ਹੀ ਨਹੀਂ ਆਉਂਦੀ। ਸਚੇ ਸਤੀ ਕਹਾਵਣ ਵਾਲਿਆਂ ਦੇ ਮਨ ਵਿਖੇ ਸਦਾ ਸੰਤੋਖ ਉਪਜ ਜਾਣਾ ਚਾਹੀਦਾ ਹੈ, ਸਚੇ ਸੰਤੋਖੀ ਸਤੀ ਦਾਤੇ ਉਹ ਹਨ ਜੋ ਦਾਨ ਕਰਨ ਲਗੇ ਕੋਈ ਵੀਚਾਰ ਨਹੀਂ ਕਰਦੇ, ਉਹ ਗੀਟੀਆਂ ਗੀਟੀਆਂ ਨਹੀਂ ਗਿਣਦੇ ਨਾਂ ਹੀ ਦਾਨ ਦੇਣ ਦਾ ਮਾਣ ਉਨ੍ਹਾਂ ਨੂੰ ਸਤਾਉਂਦਾ ਹੈ। ਦਾਨ ਦੇਣਾ ਉਹ ਹੀ ਪ੍ਰਵਾਨ ਹੈ ਕਿ ਸਜੇ ਹਥ ਨਾਲ ਦਾਨ ਦੇਵੇ ਖਬੇ ਨੂੰ ਖਬਰ ਨਾ ਹੋਵੇ ਦਾਤ ਤਾਂ ਸਚੇ ਸਤਿਗੁਰੂ ਕਰਤਾਰ ਦੀ ਹੁੰਦੀ ਹੈ ਦੇਣ ਵਾਲੇ ਆਪੋ ਹੀ ਫੋਕੇ ਦਾਤੇ ਬਣ ਬਣ ਬਹਿੰਦੇ ਹਨ, ਕੀ ਉਹਨਾਂ ਨੂੰ ਸਚੇ ਸੰਤੋਖੀ ਕਹਿਣਾ ਠੀਕ ਹੈ ਹਰਗਿਜ਼ ਨਹੀਂ ਸਗੋਂ ਐਸੇ ਨਿਖਤੰਮੇ ਤੇ ਸੁਸ਼ਾਕ ਦਾਤੇ ਦਾਤਾਰ ਨੂੰ ਵਿਸਾਰ ਕੇ ਅਤੇ ਦਾਤ ਨੂੰ ਪਿਆਰੀ ਜਾਣ ਕੇ ਉਸੇ ਦੇ ਪੁੰਨ ਦਾਨ ਵਿਚ ਲਿਪਾਇਮਾਣ ਹੋ ਜਾਂਦੇ ਹਨ, ਉਹ ਜੇ ਦਾਨ ਵੀ ਕਰਦੇ ਹਨ ਇਸ ਖਿਆਲ ਨਾਲ ਕਰਦੇ ਹਨ ਕਿ ਅਗੇ ਜਾ ਕੇ ਜੋ ਮਿਲੇਗਾ ੧੦੦ ਗੁਣਾ ਹੋ ਕੇ ਪੁੰਗਰੇਗਾ ਬਹੁਤੇ ਤਾਂ ਏਸ ਕਰ ਕੇ ਦਾਨ ਕਰਦੇ ਹਨ ਕਿ ਸੰਸਾਰ ਉਹਨਾਂ ਦੀ ਸੋਭਾ ਕਰੇਗਾ, ਸੰਸਾਰ ਦੀ ਸੋਭਾ ਦੀ ਖਾਤਰ ਅਤੇ ਅਗੇ ਜਾ ਕੇ ੧੦੦ ਗੁਣੀ ਹੋਰ ਦਾਤ ਲੈਣ ਦੀ ਖਾਤਰ ਜੋ ਦਾਨ ਕਰਦੇ ਹਨ ਉਹ ਨਾ ਸਚੇ ਸਤੀ ਹਨ ਤੇ ਨਾ ਸੰਤੋਖੀ ਹਨ। ਚੋਰ, ਯਾਰ ਅਤੇ ਕੂੜਿਆਰੁ ਜੋ ਲੋਗ ਹਨ ਉਹ ਵਿਕਾਰਾਂ ਦੀਆਂ ਖਰਾਬੀਆਂ ਵਿਚ ਹੀ ਮਾਇਆ ਨੂੰ ਖਰਚ ਕਰਦੇ ਹਨ ਉਹ ਪਿਉ, ਦਾਦੇ ਦੀ ਇਕਠੀ ਕੀਤੀ ਹੋਈ ਮਾਇਆ ਨੂੰ ਮੁਫਤੋ ਮੁਫਤੀ ਆਪਣੇ ਹਥ ਵਿਚ ਆਵਣ ਕਰਕੇ ਸਾਰੀ ਦੀ ਸਾਰੀ ਹੀ ਐਵੇਂ ਗਵਾ ਦਿੰਦੇ ਹਨ। ਉਨ੍ਹਾਂ ਦੀ ਕਮਾਈ ਕਿਸੇ ਲੇਖੇ ਨਹੀਂ ਲਗ ਸਕਦੀ। ਜਲਾਂ ਸਮੁੰਦਰਾਂ ਵਿਖੇ ਥਲਾਂ ਵਿਖੇ ਅਤੇ ਅਣਗਿਣਤ ਉਰਲੀਆਂ ਲੋਆਂ ਤੇ ਅਕਾਰਾਂ ਵਿਖੇ ਅਨੇਕ ਪ੍ਰਕਾਰ ਦੇ ਜੀਆ ਜੰਤ ਹਨ ਤਿਨ੍ਹਾਂ ਸਾਰਿਆਂ ਦੀ ਤੂੰ ਹੀ ਸਾਰ ਲੈਂਦਾ ਹੈਂ ਅਤੇ ਹੇ ਵਾਹਿਗੁਰੂ ਸਭ ਦੀ ਪ੍ਰਿਤਪਾਲ ਕਰਦਾ ਹੈਂ ਸਭ ਦੇ ਘਟ ਘਟ ਅੰਤਰ ਦੀ ਤੂੰ ਹੀ ਜਾਣਦਾ ਹੈਂ, ਸਭਨਾਂ ਦਾ ਰਿਜ਼ਕ ਦਾਤਾ ਤੂੰ ਹੀ ਹੈਂ (ਹੇ ਨਿਰੰਕਾਰ ਪ੍ਰਭੂ) ਜੇਹੜੇ ਤੇਰੇ ਸਚੇ ਭਗਤ ਹਨ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਉਹਨਾਂ ਨੂੰ ਕੇਵਲ ਸਦਾ ਤੇਰੀ ਸਿਫਤ ਕਰਨ ਦੀ ਹੀ ਭਖ ਹੁੰਦੀ ਹੈ ਅਜੇਹੇ ਸਚੇ ਗੁਰਮੁਖ ਭਗਤਾਂ ਲਈ ਸਚ ਰੂਪ ਸਚਾ ਨਾਮ ਹੀ ਅਧਾਰ ਹੁੰਦਾ ਹੈ ਉਹ ਸਦਾ ਸਚੜੇ ਨਾਮ ਰੂਪੀ ਅਧਾਰ ਵਿਚ ਹੀ ਮਸਤੂਲ ਮਸਤ ਰਹਿਣ ਕਰਕੇ ਦਿਨੇ ਰਾਤ ਅਨੰਦ ਸਰੂਪ ਵਿਚ ਹੀ ਰਹਿੰਦੇ ਹਨ ਅਤੇ ਸਚੇ ਗੁਰਮੁਖ ਗੁਰਦੀਖਿਆ ਲੋਕਾਂ ਦੀ ਪਗ ਛਾਰ ਹੀ ਬਣੇ ਰਹਿੰਦੇ ਹਨ, ਵਾਹਿਗੁਰੂ ਸਚੜੇ ਦੇ ਦਾਸਾਂ ਦੇ ਦਾਸ ਹੋਇ ਰਹਿੰਦੇ ਹਨ ਅਗਲੇ ਸਲੋਕ ਵਿਚ ਮੁਸਲਮਾਨ ਲੋਕਾਂ ਦੀ ਇਸ ਗਲਤ ਫ਼ਹਿਮੀ ਵਲ ਇਸ਼ਾਰਾ ਹੈ ਕਿ ਜਿਹੜੇ ਸਮਝਦੇ ਹਨ ਕਿ ਜੋ ਲੋਗ ਮਰਨ ਪਿਛੋਂ ਸਾੜੇ ਜਾਣਗੇ ਉਹ ਦੋਜ਼ਖ ਵਿਚ ਜਾਣਗੇ ਗੁਰੂ ਸਾਹਿਬ ਦਸਦੇ ਹਨ ਕਿ ਮੁਸਲਮਾਨ ਭਾਵੇਂ ਦਬੇ ਜਾਂਦੇ ਹਨ ਪਰ ਉਹਨਾਂ ਦੀਆਂ ਕਬਰਾਂ ਦੀ ਮਿਟੀ ਚੰਕਣੀ ਸਮਝ ਕੇ ਅਕਸਰ ਘੁਮਾਰ ਲੋਕਾਂ ਦੇ ਹਥੋਂ ਅਗ ਵਿਚ ਜਾ ਕੇ ਪੈਂਦੀ ਹੈ, ਘੁਮਾਰ ਲੋਕ ਉਸ ਮਿਟੀ ਨੂੰ ਚੱਕ ਪੁਰ ਚਾੜਕੇ ਉਸ ਦੇ ਭਾਂਡੇ ਤੇ ਇਟਾਂ ਬਣਾਉਂਦੇ ਹਨ ਤੇ ਆਵੇ ਵਿਚ ਚਿਣ ਕੇ ਜਲਾਉਂਦੇ ਹਨ, ਜਿਥੇ ਜਾ ਕੇ ਉਹ ਮੁਸਲਮਾਨਾਂ ਦੀ ਕਬਰਾਂ ਵਾਲੀ ਮਿਟੀ ਜਲ ਜਲ ਕੇ ਦੁਹਾਈ ਦੇਂਦੀ ਹੈ ਤਾਂ ਦੋਜ਼ਖ ਪੈਣੋਂ ਫੇਰ ਭੀ ਨਹੀਂ ਰਹਿੰਦੇ, ਏਥੇ ਇਸ ਲੋਕ ਵਿਖੇ ਹੀ ਦੋਜ਼ਖ ਵਿਚ ਜਲਦੇ ਹਨ, ਉਨ੍ਹਾਂ ਦੀ ਮਿਟੀ ਆਵੇ ਵਿਚ ਸੜਦੀ ਬਲਦੀ ਹੋਈ ਵੀਚਾਰੀ ਪਈ ਰੋਂਦੀ ਕੁਰਲਾਉਂਦੀ ਹੈ ਤੇ ਉਸ ਵਿਚੋਂ ਅੰਗਿਆਰ ਝੜ ਝੜ ਕੇ ਪੈਂਦੇ ਹਨ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਜਿਸ ਕਰਤੇ ਪੁਰਖ ਨੇ ਕਾਰਣ (ਸਬਬ) ਬਣਾ-ਇਆ ਹੈ ਉਹ ਹੀ 'ਕਾਰਜ' ਜਾਣਦਾ ਹੈ ਭਾਵ ਉਸੇ



www.AKJ.Org

ਕਰਤੇ ਪੁਰਖ ਸ੍ਰਿਜਣਹਾਰ ਨੂੰ ਹੀ ਪਤਾ ਹੈ ਕਿ ਮਾਨੁਖ ਦੀ ਜ਼ਿੰਦਗੀ ਦਾ ਕੀ ਸਿੱਟਾ ਨਿਕਲਦਾ ਹੈ ਭਾਵੇਂ ਉਹ ਮੁਸਲਮਾਨ ਹੋਵੇ ਭਾਵੇਂ ਹਿੰਦੂ ਹੋਵੇ। ਦਬੇ ਜਾਣ ਵਾਲੇ ਨੇ ਯਾ ਸਾੜੇ ਜਾਣ ਵਾਲੇ ਨੇ ਦੋਜ਼ਖ ਵਿਚ ਜਾਣਾ ਹੈ ਇਹ ਅਕਾਲ ਪੁਰਖ ਦੀ ਦਰਗਾਹ ਵਿਚ ਹੀ ਫੈਸਲਾ ਹੋਵੇਂਗਾ :—

ਯਥਾ ਗੁਰਵਾਕ:— ਸਲੋਕ ਮਹਲਾ ੧

ਮਿਟੀ ਮੁਸਲਮਾਨ ਦੀ ਪੇੜੈ ਪਈ ਕੁਮ੍ਹਿਆਰ। ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ। ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ। ਅੰਗਿਆਰ। ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰ। ਪਉੜੀ:—ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ, ਸਤਿਗੁਰ ਵਿਚ ਆਪੁ ਰਖਿਓਨ ਕਰਿ ਪ੍ਰਗਟ ਆਖਿ ਸੁਣਾਇਆ। ਸਤਿਗੁਰ ਮਿਲਿਐ ਸਦਾ ਮੁਕਤ ਹੈ ਜਿਨਿ ਵਿਚਹੁ ਮੋਹ ਚੁਕਾਇਆ। ਉਤਮੁ ਏਹੁ ਬੀਚਾਰ ਹੈ ਜਿਨਿ ਸਚੇ ਸਿਉ ਚਿਤੁ ਲਾਇਆ। ਜਗ ਜੀਵਨ ਦਾਤਾ ਪਾਇਆ।

ਗੁਰਮਤਿ ਦਾ ਇਹ ਅਟਲ ਨਿਯਮ ਹੈ ਕਿ ਸਤਿਗੁਰ ਤੋਂ ਬਿਨਾਂ ਅਜ ਤਾਈਂ ਨਾ ਕਿਸੇ ਨੇ ਵਾਹਿਗੁਰੂ ਅਕਾਲ ਪੁਰਖ ਨੂੰ ਪਾਇਆ ਹੈ, ਨਾ ਪਾ ਸਕਦਾ ਹੈ ਅਤੇ ਨਾ ਪਾ ਸਕੇਗਾ। ਸਤਿਗੁਰੂ ਦੇ ਵਜੂਦ ਵਿਚ ਵਾਹਿਗੁਰੂ ਨੇ ਆਪਣੇ ਸਰੂਪ ਦੀ ਲਖਤਾ ਸਾਂਗੋ ਪਾਂਗ ਮੌਜੂਦ ਰਖੀ ਹੈ, ਇਹ ਪ੍ਰਗਟ ਤੌਰ ਤੇ ਡੰਕੇ ਦੀ ਚੋਟ ਨਾਲ ਗੁਰਮਤਿ ਦੁਆਰਾ ਦਸੀ ਗਈ ਹੈ, ਜਗਿਆਸੂ ਜੀਵ ਦੀ ਮੁਕਤੀ ਜਗਿਆਸੂ ਜਨ ਦਾ ਸਦਾ ਸਦਾ ਮੁਕਤ ਹੋਣਾ ਸਤਿਗੁਰ ਦੇ ਮਿਲਾਪ ਉਪਰ ਹੀ ਮੁਨਹਸਿਰ ਹੈ, ਮੁਕਤ ਉਹ ਹੀ ਜਨ ਹੁੰਦਾ ਹੈ ਜਿਸ ਨੇ ਆਪਣੇ ਵਿਚੋਂ ਮੋਹ ਰੂਪ ਦੀ ਅੰਸ ਉਕੀ ਹੀ ਉੜਾ ਦਿਤੀ ਹੋਵੇ ਇਹ ਕੇਵਲ ਸਤਿਗੁਰੂ ਦੇ ਮਿਲਾਪ ਦਾ ਹੀ ਪ੍ਰਤਾਪ ਹੈ। ਵਿਚਾਰਾਂ ਸਿਰ ਉਤਮ ਵਿਚਾਰ ਇਹੋ ਹੈ ਕਿ ਵਾਹਿਗੁਰੂ ਦੇ ਸਚੇ ਨਾਮ ਨਾਲ ਚਿਤ ਨੂੰ ਜੋੜਿਆ ਜਾਵੇ, ਵਾਹਿਗੁਰੂ ਦੇ ਚਰਨ ਕਮਲਾਂ ਨਾਲ ਚਿਤ ਨੂੰ ਲਾਉਣਾ ਅਰਥਾਤ ਵਾਹਿਗੁਰੂ ਨਾਮ ਦੇ ਅਭਿਆਸ ਵਿਚ, ਅਰੂੜ ਹੋਣਾ ਸਾਰੀਆਂ ਵਿਚਾਰਾਂ ਵਿਚੋਂ ਇਹ ਹੀ ਉਤਮ ਵੀਚਾਰ ਹੈ। ਜਗਜੀਵਨ ਦਾਤਾ ਪਾਉਣ ਤੋਂ ਵਧ ਕੇ ਤੇ ਉਸ ਨੂੰ ਪਾਉਣ ਵਾਲੀ ਵੀਚਾਰ ਤੋਂ ਵਧ ਕੇ ਹੋਰ ਕੀ ਵਿਚਾਰ ਹੋ ਸਕਦੀ ਹੈ:—

ਮ: ੧ :—ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ। ਲਖ ਤਪਿ ਉਪਰਿ ਤੀਰਥਾਂ ਸਹਜ ਜੋਗ ਬੇਬਾਣ। ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ। ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ। ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ। ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ।

ਸਤਿਗੁਰੂ ਦੀ ਨਦਰ ਕਰਮੀ ਮੇਹਰ ਦੁਆਰਾ ਵਾਹਿਗੁਰੂ ਦਾ ਜਪ ਨੀਸ਼ਾਣ ਰੂਪੀ ਸਚਾ ਨਾਮ ਅਭਿਆਸ ਮਈ ਕਰਮ (ਕਮਾਈ) ਪ੍ਰਾਪਤ ਹੋ ਜਾਵੇ ਇਸ ਸਚੇ ਗੁਰਮਤਿ (ਮਾਰਗ) ਦੇ ਮੁਕਾਬਲੇ ਵਿਚ ਉਹ ਸਭ ਆਨਮਤ ਕੁਮਤੜੀਆਂ ਮਿਥਿਆ ਹੀ ਹਨ, ਗੁਰੂ ਨਾਨਕ ਸਾਹਿਬ ਦਾ ਸਚਾ ਫੁਰਮਾਨ ਹੈ। ਸਤਿਗੁਰੂ ਦੀ ਨਦਰ ਕਰਮ ਮੇਹਰ ਪ੍ਰਾਪਤਿ ਹੋਇ ਬਿਨਾਂ ਆਪਣੀ ਅਕਲ ਹੁਦਰੋਂ ਕੀਤੀਆਂ ਇਖਲਾਕੀ ਲਖਾਂ ਹੀ ਨੇਕੀਆਂ ਤੇ ਚੰਗਿਆਈਆਂ ਲਖਾਂ ਹੀ ਕੀਤੇ ਹੋਏ ਪੁੰਨ ਅਤੇ ਪੂਰੇ ਕੀਤੇ ਹੋਏ ਫਰਜ਼ (ਡਿਊਟੀਜ਼) ਇਖਲਾਕੀ ਦੁਨੀਆਂ ਵਿਚ ਭਾਵੇਂ ਕਿਤਨੇ ਹੀ ਪ੍ਰਵਾਨ ਕੀਤੇ ਪਏ ਹੋਣ ਉਹ ਗੁਰਮਤਿ ਦੀ ਕਸੌਟੀ ਤੇ ਸਭ ਅਪਰਵਾਨ ਹਨ। ਆਨਮਤ ਤੀਰਥਾਂ ਪਰ ਵਾਸਾ ਰਖ ਕੇ ਲਖਾਂ ਹੀ ਤਪ ਕੀਤੇ ਹੋਏ ਅਤੇ ਬੀਆਬਾਨਾਂ ਜੰਗਲਾਂ ਵਿਚ ਰਹਿ ਕੇ ਆਨਮਤਾਂ ਵਾਲੇ ਲਖਾਂ ਹੀ ਜੋਗ ਕੀਤੇ ਜਾਣ, ਕਿਸੇ ਲੇਖੇ ਨਹੀਂ, ਜਿਤੇ ਜੰਗਾਂ ਵਿਚ ਕੀਤੀਆਂ ਬਹਾਦਰੀਆਂ ਵਾਲੇ ਸੰਗਰਾਮ ਭਾਵੇਂ ਲਖ ਹੀ ਕੀਤੇ ਗਏ ਹੋਣ ਅਤੇ ਹਉਮੈ ਦੇ ਅਧੀਨ ਹੋ ਕੇ ਰਣ ਤੱਤੇ ਵਿਚ ਪ੍ਰਾਣ ਛਡ ਕੇ ਮਰਿਆ ਜਾਵੇ ਉਹ ਭੀ ਨਿਸਫਲ ਹੈ, ਸੁਰਤੀਆਂ ਬਿਰਤੀਆਂ ਦੇ ਲਖਾਂ ਪਾਠ ਭਾਵੇਂ ਕੀਤੇ ਜਾਣ ਅਤੇ ਇਸ ਪ੍ਰਕਾਰ ਦੇ ਬੇਦ ਪਾਠ ਪੁਰਾਣੀ ਗਿਆਨ ਪੜ੍ਹ ਪੜ੍ਹ ਕੇ ਭਾਵੇਂ ਲਖਾਂ ਹੀ ਸਾਧੇ ਜਾਣ ਉਹ ਸਭ ਅਜਾਈਂ ਹੀ ਜਾਂਦੇ ਹਨ, ਕਰਤੇ ਪੁਰਖ ਨੇ ਇਹਨਾਂ ਸਭ ਆਨਮਤੀ ਕਰਮਾਂ ਦੇ ਕਰਨ ਵਾਲਿਆਂ ਦੇ ਸਿਰ ਤੇ ਆਵਣ ਜਾਣ ਹੀ ਲਿਖਿਆ ਹੈ, ਕੇਵਲ ਗੁਰਮਤਿ ਮਤ ਹੀ ਅਚਲ ਅਤੇ ਅਟੱਲ ਹੈ। (ਚਲਦਾ)

www.AKJ.Org

# ਭਗਤ ਨਾਮਦੇਵ ਜੀ
# ਤੇ
# ਗੁਰਮਤਿ

ਵਲੋਂ :

ਭਾਈ ਬਲਵੰਤ ਸਿੰਘ ਜੀ 'ਨੂਰ', ਡੇਹਰਾਦੂਨ

*

ਗੁਰਮਤਿ ਇਸ਼ਟ ਗੁਰਦੇਵ ਦੇ ਬਖਸ਼ੇ ਉਪਦੇਸ਼ ਜਾਂ ਗਿਆਨ ਨੂੰ ਕਹਿੰਦੇ ਹਨ, ਪਰੰਤੂ ਵਿਸ਼ੇਸ਼ ਰੂਪ ਵਿਚ ਇਹ ਗੁਰੂ ਨਾਨਕ ਦੇਵ ਜੀ, ਦੂਸਰੇ ਸਿਖ ਗੁਰੂ ਸਾਹਿਬਾਨ ਤੇ ਇਸੇ ਵਿਚਾਰ ਧਾਰਾ ਦੇ ਭਗਤ, ਭਟ ਆਦਿ ਜਿਨ੍ਹਾਂ ਦੀਆਂ ਬਾਣੀਆਂ ਨੂੰ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਪ੍ਰਵਾਨ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ਼ਸ਼ੋਭਤ ਕੀਤਾ ਰਾਹੀਂ ਦਿਤੇ ਮਨੁਖ ਜੀਵਨ, ਧਰਮ, ਪ੍ਰਮਾਤਮਾ ਤੇ ਸੰਸਾਰ ਆਦਿ ਉਤੇ ਦਿਤੇ ਉਪਦੇਸ਼ਾਂ ਨੂੰ ਹੀ ਗੁਰਮਤਿ ਦਾ ਨਾਮ ਦਿਤਾ ਹੈ। ਇਸ ਦਾ ਵਡਾ ਕਾਰਨ ਇਹ ਹੈ, ਕਿ ਇਸ ਵਿਚ ਉਪਦੇਸ਼ ਕਰਤਾ ਦੀ ਨਿਜੀ ਲਿਖਤ ਦੇ ਰੂਪ ਵਿਚ ਬਾਣੀ ਉਨ੍ਹਾਂ ਦੇ ਚਿੰਤਨ ਜਾਂ ਬੋਧਿਕ ਕਾਵਿ-ਰਚਨਾ ਵਿਚ ਹੀ ਨਹੀਂ ਸਗੋਂ ਯਥਾਰਥ ਰੂਪ ਵਿਚ ਉਹਨਾਂ ਦੇ ਜੀਵਨ ਦੀ ਘਾਲਨਾ, ਤਜਰਬੇ ਤੇ ਰੱਬੀ ਇਕਸੁਰਤਾ ਦੇ ਅਨੁਭਵ ਦਾ ਪ੍ਰਗਟਾ ਹੈ। ਧਰਮ ਸ਼ਬਦ ਦੋ ਅਖਰਾਂ ਦਾ ਸੁਮੇਲ ਹੈ, ਧਰੀ ਤੇ ਮਏ। ਧਰੀ ਦਾ ਭਾਵ ਹੈ ਧਾਰਨਾ ਜਾਂ ਆਸਰਾ। ਇਸ ਮਨੁਖੀ ਸਰੀਰ ਨੇ ਕਿਸ ਵਸਤੂ ਨੂੰ ਧਾਰਨ ਕੀਤਾ ਹੈ ਤਾਂ ਕਿਸ ਦੇ ਆਸਰੇ ਤੇ ਇਹ ਅਸਥਿਰ ਹੈ, ਜਿਸ ਕਾਰਨ ਇਸ ਵਿਚ ਜੀਵਨ ਜੋਤੀ, ਸਤਾ ਪ੍ਰੇਮ ਤੇ ਸੁੰਦਰਤਾ ਹੈ ਉਸਦਾ ਗਿਆਨ ਤੇ ਉਸ ਨਾਲ ਇਕ ਸੁਰਤਾ ਪ੍ਰਾਪਤ ਕਰਨਾ। ਦੂਸਰਾ ਅੰਗ ਉਸਦੀ ਇਕ ਸੁਰਤਾ ਵਿਚੋਂ ਉਪਜੇ ਭਾਵ ਤੇ ਰੰਗ (ਮਏ) ਨੂੰ ਜੀਵਨ ਦੇ ਹਰ ਵਿਚਾਰ ਤੇ ਕਰਤੱਵ ਵਿਚ ਕ੍ਰਿਆ-ਆਤਮਕ ਰੂਪ ਬਣਾਉਂਣਾ ਇਸ ਅਨੁਸਾਰ ਧਰਮ ਦਾ ਅਸਲੀ ਸਰੂਪ ਸਿਖ ਗੁਰੂ ਸਾਹਿਬਾਨ ਦੇ ਸਮੇਂ ਹੀ ਹੋਇਆ ਤੇ ਉਨ੍ਹਾਂ ਨੇ ਇਸਨੂੰ ਮਨੁਖਤਾ ਦੇ ਖਾਸ ਅੰਗ (ਪੰਡਤ ਤੇ ਵਿਦਵਾਨ) ਤਕ ਹੀ ਸੀਮਿਤ ਨਹੀਂ ਰਖਿਆ, ਜਿਸ ਤਰਾਂ ਇਸ ਤੋਂ ਪਹਿਲੋਂ ਸੀ, ਸਗੋਂ ਇਸਨੂੰ ਜਨ ਸਾਧਾਰਨ, ਸਮਾਜ ਦੇ ਹਰ ਵਰਗ ਦਾ ਅੰਗ ਬਣਾਇਆ ਤੇ ਇਸ ਦਾ ਪਰਚਾਰ ਸਮੂਹਕ ਰੂਪ ਵਿਚ ਕੀਤਾ। ਇਸ ਲਈ ਗੁਰੂ ਪਦਵੀ ਦਾ ਸਹੀ ਅਧਿਕਾਰਸ਼ਿਤ ਗੁਰੂਆਂ ਨੂੰ ਹੀ ਹੋ ਸਕਦਾ ਹੈ ਤੇ ਸਾਹਿਬ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਾਣੀ ਤੋਂ ਛੁਟ ਇਸਦੀ ਕਮਾਈ ਵਾਲੇ ਗੁਰਮੁਖ ਗੁਰਸਿਖਾਂ ਤੋਂ ਉਪਜੇ ਗਿਆਨ ਰਾਹੀਂ ਕੀਤੀ ਵਿਆਖਿਆ ਗੁਰਮਤਿ ਕਹੀ ਜਾ ਸਕਦੀ ਹੈ।

ਗੁਰਮਤਿ ਦਾ ਵਿਕਾਸ਼ ਸਾਹਿਬ ਗੁਰੂ ਨਾਨਕ ਦੇਵ ਜੀ (੧੪੬੯-੧੫੩੯) ਤੋਂ ਮੰਨਿਆ ਜਾਂਦਾ ਹੈ। ਪਰੰਤੂ ਭਗਤ ਨਾਮਦੇਵ ਜੀ (੧੨੭੦-੧੩੫੦) ਦੇ ਬਾਬਾ ਫਰੀਦ ਜੀ (੧੧੭੩-੧੨੬੫) ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨਿਆ ਗਇਆ ਹੈ ਤੇ ਗੁਰਮਤਿ ਦੀ ਪਦਵੀ ਦੇ ਅਧਿਕਾਰੀ ਹਨ, ਗੁਰੂ ਨਾਨਕ ਦੇਵ ਜੀ ਤੋਂ ਕੋਈ ਦੋ ਤਿੰਨ ਸਾਲ ਪਹਿਲੇ ਹੋਏ ਹਨ। ਕਈ ਵਿਦਵਾਨਾਂ ਦੇ ਵਿਚਾਰ ਅਨੁਸਾਰ ਬਾਬਾ ਫਰੀਦ ਜੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਦਾ ਮੋਢੀ ਕਹਿਆ ਗਇਆ ਹੈ, ਪਰੰਤੂ ਭਗਤ ਨਾਮਦੇਵ ਜੀ ਦੇ ਜੀਵਨ ਤੇ ਬਾਣੀ ਨੂੰ ਉਸ ਵਿਚਾਰਧਾਰਾ ਨਾਲ ਵਿਚਾਰਿਆ ਤੇ ਸਨ-ਮਾਨਿਆ ਨਹੀਂ ਗਇਆ ਜਿਹੜਾ ਇਸ ਲੇਖ ਦਾ ਮੁਖ ਉਦੇਸ਼ ਹੈ।

ਬਾਬਾ ਫਰੀਦ ਜੀ ਨੂੰ ਪੰਜਾਬੀ ਸਾਹਿਤਯ ਰਚਨਾ ਜਾਂ ਸੂਫੀ ਰੰਗ ਵਿਚ ਰਬੀ ਪਿਆਰ, ਬ੍ਰਿਹੋਂ, ਮੇਲ ਤੇ



www.AKJ.Org

ਰਬੀ ਆਸ਼ਕ ਨੂੰ ਸੁਹਾਗਣ ਤੇ ਉਸਦੇ ਉਲਟ ਨੂੰ ਦੁਹਾਗਣ ਦੀ ਰੂਪਾਂਤਕ ਕਾਵਿਯ ਰਚਨਾ ਅਨੁਸਾਰ ਭਾਵੇਂ ਪਰਮੁਖਤਾ ਦਿਤੀ ਜਾਵੇ, ਪਰੰਤੂ ਗੁਰਮਤਿ ਦਰਸ਼ਨ ਚਿੰਤਨ ਤੇ ਉਪਾਸ਼ਨਾ ਜਾਂ ਭਾਰਤੀ ਸੰਸਕ੍ਰਿਤੀ ਤੇ ਧਰਮ ਦਰਸ਼ਨ ਅਨੁਸਾਰ ਭਗਤ ਨਾਮਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੇ ਕ੍ਰਿਆ-ਆਤਮਕ ਜੀਵਨ ਨੂੰ ਸਾਹਿਬ ਗੁਰੂ ਨਾਨਕ ਦੇਵ ਜੀ ਤੋਂ ਪਹਿਲੋਂ ਗੁਰਮਤਿ ਸਾਹਿਤਯ ਦੀ ਰੂਪ ਰੇਖਾ ਦਾ ਚਿਤ੍ਰਨ ਕਰਨ ਦਾ ਸੇਹਰਾ ਦਿਤਾ ਜਾਵੇ ਤਾਂ ਇਹ ਅਤਿਕਥਨੀ ਜਾਂ ਅਜੋਗ ਨਹੀਂ ਹੋਵੇਗਾ।

੧. ਭਗਤ ਨਾਮਦੇਵ ਜੀ ਦੇ ਪਰਮਾਤਮਾ ਦਾ ਸਰੂਪ, ਚਿੰਤਨ ਤੇ ਉਪਾਸ਼ਨਾ ਗੁਰਮਤਿ ਨਾਲ ਬਹੁਤ ਮਿਲਦੀ ਹੈ। ਗੁਰਮਤਿ ਦੇ ਦਸੇ ਆਸ਼ੇ ਅਨੁਸਾਰ ਭਗਤ ਨਾਮਦੇਵ ਜੀ ਵੀ ਜੋਤ ਦੇ ਹੀ ਉਪਾਸ਼ਕ ਸਨ। ਜੋਤ ਦੀ ਉਪਾਸ਼ਨਾ ਵਿਚ ਉਨ੍ਹਾਂ ਦੀ ਬਾਣੀ ਤੇ ਜੀਵਨ ਤੋਂ ਗੁਰਮਤਿ ਦੇ ਸਾਧਨ ਪੱਖ ਤ੍ਰਿਕੁਟ ਜਾਗਤ ਜੋਤ ਆਤਮ ਜੋਤ ਤੇ ਸਰਬਤ ਜੋਤ ਦਾ ਸਾਫ ਝਲਕਾਰਾ ਪੈਂਦਾ ਹੈ। ਉਹ ਸਭ ਵਿਚ ਪ੍ਰਮਾਤਮਾ ਦੀ ਜੋਤ ਦੇ ਹੀ ਦਰਸ਼ਨ ਕਰਦੇ ਸਨ ਤੇ ਸਾਰੇ ਹਿਰਦਿਆਂ ਵਿਚ ਉਨ੍ਹਾਂ ਨੂੰ ਰਮਤ ਰਾਮ ਬੋਲਦਾ ਸੁਣਾਈ ਦਿੰਦਾ ਸੀ। ਜਗਤ ਦਾ ਪਸਾਰਾ ਉਨ੍ਹਾਂ ਨੂੰ ਗੋਬਿੰਦ ਦਾ ਹੀ ਪਸਾਰਾ ਨਜ਼ਰੀ ਆਉਂਦਾ ਸੀ ਤੇ ਮਾਇਆ ਉਸੇ ਦਾ ਹੀ ਬਮੋਹੇਤ ਚਿਤ੍ਰ ਭਾਸਦਾ ਸੀ। ਗੁਰਮਤਿ ਵਾਂਗ ਉਹ ਪ੍ਰਕ੍ਰਿਤੀ ਜਾਂ ਮਾਇਆ ਦੀ ਸੁਤੰਤਰ ਹੋਂਦ ਨਹੀਂ ਮੰਨਦੇ ਤੇ ਨਾ ਹੀ ਵੇਦਾਂ ਵਾਂਗ ਜੋਤੀ ਤੇ ਅਜੋਤੀ ਦੇ ਝਗੜੇ ਵਿਚ ਪੈਂਦੇ ਹਨ। ਇਸ ਸਬੰਧ ਵਿਚ ਗੁਰਮਤਿ ਵਾਂਗ ਉਨ੍ਹਾਂ ਦਾ ਦ੍ਰਿਸ਼ਟੀਕੋਨ ਨਫੀ (ਨੇਤੀ ਨੇਤੀ ਨੈਗਿਟਿਵ) ਵਿਚ ਨਹੀਂ ਸਗੋਂ ਸਜੁਗਤ (ਪੌਜ਼ੇਟਿਵ) ਤੇ ਜੀਉਂਦਾ ਜਾਗਦਾ ਹੈ। ਉਨ੍ਹਾਂ ਦਾ ਰੱਬ ਉਨ੍ਹਾਂ ਨਾਲ ਹਸਦਾ, ਉਨ੍ਹਾਂ ਪਾਸੋਂ ਦੁਧ ਲੈ ਕੇ ਪੀਂਦਾ ਤੇ ਗੱਲਾਂ ਕਰਦਾ ਹੈ। ਉਹ ਸੂਨਯ ਧਰਮ ਦੇ ਉਪਾਸ਼ਕ ਨਹੀਂ ਸਨ ਸਗੋਂ ਗੁਰਮਤਿ ਵਾਂਗ ਜਾਗਤ ਜੋਤ ਤੇ ਸਰਬੱਤ ਜੋਤ ਦੀ ਉਪਸ਼ਨਾ ਕਰਦੇ ਸਨ।

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ। ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ।੧। ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀਂ ਕੋਈ।.........
ਇਹੁ ਪਰਪੰਚੁ ਪਾਰਬ੍ਰਹਮ ਦੀ ਲੀਲਾ ਬਿਚਰਤ ਆਨ ਨ ਹੋਈ। (ਆਸਾ ਬਾਣੀ ਨਾਮਦੇਵ ਜੀ)

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨਾ ਕੋ ਬੋਲੈ ਰੇ।੧। ਰਹਾਉ। ਏਕਲ ਮਾਟੀ ਕੁੰਚਰ ਚੀਟੀ ਭਾਜਨ ਹੈਂ ਬਹੁ ਨਾਨ੍ਹਾ ਰੇ। ਅਸਥਾਵਰ ਜੰਗਮ ਕੀਟ ਪਤੰਗਮ ਘਟਿ ਰਾਮੁ ਸਮਾਨਾ ਰੇ।
(ਰਾਗ ਮਾਲੀ ਗਉੜਾ ਭਗਤ ਨਾਮਦੇਵ ਜੀ)

੨. ਕਈਆਂ ਦਾ ਵਿਚਾਰ ਹੈ ਕਿ ਭਗਤ ਨਾਮਦੇਵ ਜੀ ਪਹਿਲੋਂ ਸਰਗੁਣ ਦੇ ਉਪਾਸ਼ਕ (ਮੂਰਤੀ ਪੂਜਨ) ਤੇ ਕਰਮ ਕਾਂਡੀ ਸਨ। ਪਰ ਪਿਛੋਂ ਨਿਰਗੁਣ ਉਪਾਸ਼ਨਾ ਵਿਚ ਪਰਵਿਰਤ ਹੋ ਕੇ ਪਰਮਾਤਮਾ ਦੇ ਸਰਬ ਵਿਆਪੀ ਰੂਪ ਦੇ ਦਰਸ਼ਨ ਕਰਦੇ ਰਹੇ। ਇਸ ਦਾ ਬਹੁਤਾ ਅਧਾਰ ਉਹ ਉਹਨਾਂ ਦੀ ਬਾਲਪਨ ਵਿਚ ਹੋਈ ਠਾਕਰਾਂ ਨੂੰ ਦੁਧ ਪਿਆਉਣ ਵਾਲੀ ਘਟਨਾ ਤੇ ਕਰਦੇ ਹਨ। ਪਰੰਤੂ ਇਹ ਕੁਝ ਠੀਕ ਨਹੀਂ ਜਾਪਦਾ ਕਿਉਂਕਿ ਭਗਤ ਨਾਮਦੇਵ ਜੀ ਜੋਤ ਦੇ ਉਪਾਸ਼ਕ ਸਨ ਤੇ ਜੋਤ ਉਪਾਸ਼ਕ ਵਾਸਤੇ ਸਰਗੁਣ ਤੇ ਨਿਰਗੁਣ ਦਾ ਕੋਈ ਝਗੜਾ ਨਹੀਂ ਰਹਿੰਦਾ। ਨਿਰਗੁਣ ਉਨ੍ਹਾਂ ਲਈ ਧੁਰ-ਅੰਤਰ ਕਾਰਣ ਰੂਪ (ਸਬਜੈਕਟਿਵ) ਆਤਮ ਜੋਤ ਦੀ ਉਪਾਸ਼ਨਾ ਹੁੰਦੀ ਹੈ ਤੇ ਸਰਗੁਣ ਰੂਪ ਬਾਹਰ ਦ੍ਰਿਸ਼ਟਮਾਨ ਕਾਰਜ ਰੂਪ (ਓਬਜੈਕਟਿਵ) ਸਰਬਤ ਜੋਤ ਦੀ ਸੇਵਾ ਘਾਲ ਕਮਾਈ। ਕਰਤਾ ਇਨ੍ਹਾਂ ਦੋਵਾਂ ਵਿਚ ਜਾਗਤ ਜੋਤ ਪਾਰਬ੍ਰਹਮ ਪਰਮੇਸ਼ਰ ਹੁੰਦਾ ਹੈ। ਉਨ੍ਹਾਂ ਦੀ ਆਪਣੀ ਹੋਂਦ ਉਨ੍ਹਾਂ ਲਈ ਸਿਰਫ ਹੁੰਦੀ ਹੈ ਉਸ ਇਕ ਨਾਲ ਮਿਲ ਕੇ ਰਬੀ ਸਰਬ ਹੋਂਦ ਵਿਚ ਸਮਾ ਜਾਣਾ ਉਨ੍ਹਾਂ ਦੀ ਉਪਾਸ਼ਨਾ ਦਾ ਨਿਸ਼ਾਨਾ ਹੈ। ਇਹੋ ਹੀ ਗੁਰਮਤਿ ਵਿਚ ਸਾਧਨ ਪੱਖ ਤੋਂ ਉਪਾਸ਼ਨਾ ਦਾ ਵਿਸ਼ੇਸ਼ ਅੰਗ ਹੁੰਦਾ ਹੈ। ਭਗਤ ਨਾਮਦੇਵ ਜੀ ਦੀ ਉਪਰਲੀ ਘਟਨਾ ਉਨ੍ਹਾਂ ਦੇ



www.AKJ.Org

ਬਾਲਪਨ ਵਿਚ ਹੀ ਜਾਗਤ ਜੋਤ ਦੀ ਉਪਾਸ਼ਨਾ ਦਾ ਸੁੰਦਰ ਪਰਗਟਾਵਾ ਹੈ, ਜਿਹੜਾ ਕਿਸੇ ਵਿਰਲੇ ਆਤਮਕ ਪਾਂਧੀ ਦੇ ਭਾਗਾਂ ਵਿਚ ਹੁੰਦਾ ਹੈ। ਉਹ ਪੱਥਰ ਦੀ ਮੂਰਤੀ ਦੀ ਪੂਜਾ ਨਹੀਂ ਸਨ ਕਰ ਰਹੇ, ਪਰੰਤੂ ਉਸ ਵਿਚ ਵਸ ਰਹੇ ਗੋਬਿੰਦ ਰਾਇ ਦੀ ਉਪਾਸ਼ਨਾ ਕਰਕੇ ਭੋਲੇ ਭਾਇ ਵਿਚ ਦੁਧ ਪਿਆਉਣਾ ਚਾਹੁੰਦੇ ਸਨ। ਦੇਖੋ ਕਿਸ ਤਰ੍ਹਾਂ ਗੋਬਿੰਦ ਰਾਇ ਨੂੰ ਹਾਜ਼ਰ ਨਾਜ਼ਰ ਜਾਣ ਸਾਹਮਣੇ ਕੋਲ ਬੈਠਾ ਸਮਝ ਕਹਿ ਰਹੇ ਹਨ। 'ਦੁਧ ਪੀਉ ਮੇਰੇ ਗੋਬਿੰਦ ਰਾਇ। ਦੁਧੁ ਪੀਉ ਮੇਰੋ ਮਨ ਪਤਿਆਇ। ਨਹੀ ਤਾ ਘਰ ਕਾ ਬਾਪ ਰਿਸਾਇ।' ਜਦ ਇਸ ਤਰ੍ਹਾਂ ਬਾਪ ਦੇ ਰੁਸ ਜਾਣ ਦੇ ਡਰ ਕਰਕੇ ਡਡਿਆਕੇ ਕਹਿੰਦੇ ਹਨ ਕਿ ਹੇ ਗੋਬਿੰਦ ਰਾਇ ਮੇਰੇ ਹਿਰਦੇ ਵਿਚ ਤਾਂ ਕੇਵਲ ਇਕੋ ਤੇਰੀ ਭਗਤ ਹੀ ਵਸ ਰਹੀ ਹੈ ਤੇ ਮੈਂ ਸਚੇ ਦਿਲੋਂ ਦੁਧ ਪੀਣ ਲਈ ਆਤਰ ਹੋ ਕੇ ਬੇਨਤੀ ਕਰਦਾ ਹਾਂ। ਤਾਂ ਅਗੋਂ ਪੱਥਰ ਦੀ ਮੂਰਤੀ ਵਿਚ ਵਸ ਰਹੇ ਨਰਾਇਣ ਹਸ ਪੈਂਦੇ ਹਨ ਤੇ ਦੁਧ ਪੀ ਲੈਂਦੇ ਹਨ। 'ਏਕ ਭਗਤੁ ਮੇਰੇ ਹਿਰਦੈ ਬਸੈ। ਨਾਮੇ ਦੇਖਿ ਨਰਾਇਣ ਹਸੈ। ਦੂਧੁ ਪੀਆਇ ਭਗਤ ਘਰਿ ਗਇਆ। ਨਾਮੇ ਹਰਿ ਕਾ ਦਰਸਨ ਭਇਆ।' ਭਗਤ ਜੀ ਜੇਕਰ ਪੱਥਰ ਦੀ ਮੂਰਤੀ ਦੀ ਉਪਾਸ਼ਨਾ ਕਰਦੇ ਹੁੰਦੇ ਤਾਂ ਉਹ ਇਹ ਨ ਲਿਖਦੇ 'ਏਕੈ ਪਾਥਰ ਕੀਜੈ ਭਾਉ। ਦੂਜੈ ਪਾਥਰ ਧਰੀਐ ਪਾਉ। ਜੇ ਉਹ ਦੇਉ ਤ ਉਹ ਭੀ ਦੇਵਾ। ਕਹਿ ਨਾਮਦੇਉ ਹਮ ਹਰਿ ਕੀ ਸੇਵਾ।' (ਗੂਜਰੀ ਨਾਮਦੇਵ ਜੀ) 'ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ। ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ।' ਉਹ ਤਾਂ ਜੋਤੀ ਸਰੂਪ ਵਿਚ ਸਮਾਉਣ ਲਈ ਜੋਤ ਦੀ ਉਪਾਸ਼ਨਾ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਨੇ ਸਹਿਜ ਅਵਸਥਾ ਜਿਹੜੀ ਗੁਰਮਤਿ ਅਨੁਸਾਰ ਆਤਮਕ ਸਾਧਨ ਦੀ ਇਕ ਉਚੀ ਅਵਸਥਾ ਹੈ, ਨੂੰ ਆਪਣੇ ਰੋਜ਼ ਦੇ ਕ੍ਰਿਆ-ਆਤਮਕ ਰੂਪ ਵਿਚ ਸਮਾ ਲਇਆ।

ਜਹ ਝਿਮਿ ਝਿਮਿ ਕਾਰੁ ਦਿਸੰਤਾ। ਤਹ ਅਨਹਦ ਸਬਦ ਬਜੰਤਾ। ਜੋਤੀ ਜੋਤਿ ਸਮਾਨੀ। ਮੈ ਗੁਰਪਰਸਾਦੀ ਜਾਨੀ।...... ਜਹ ਅਨਹਤ ਸੂਰ ਉਜਾਰਾ। ਤਹ ਦੀਪਕ ਜਲੈ ਛੰਛਾਰਾ। ਗੁਰਪਸਾਦੀ ਜਾਨਿਆ। ਜਨੁ ਨਾਮਾ ਸਹਜ ਸਮਾਨਿਆ। (ਰਾਗ ਸੋਰਠ ਨਾਮਦੇਵ ਜੀ

੩. ਜਗਤ ਨੂੰ ਜੀਵਣ ਦੇਣ ਵਾਲੇ ਪ੍ਰਮਾਤਮਾ ਦਾ ਗਿਆਨ ਪ੍ਰਾਪਤ ਕਰਨ ਤੇ ਉਸ 'ਚ ਸਮਾਉਣ ਵਾਸਤੇ ਗੁਰਮਤਿ ਵਾਂਗ ਭਗਤ ਜੀ ਨੂੰ ਗੁਰੂ ਦੀ ਲੋੜ ਪਈ ਜਿਸਨੇ ਉਨ੍ਹਾਂ ਦਾ ਜਨਮ ਸਫਲ ਕਰ ਦਿਤਾ:

ਸਫਲ ਜਨਮੁ ਮੋਕਉ ਗੁਰ ਕੀਨਾ। ਦੁਖ ਬਿਸਾਰਿ ਸੁਖ ਅੰਤਰਿ ਲੀਨਾ। ੧। ਗਿਆਨ ਅੰਜਨੁ ਮੋਕਉ ਗੁਰ ਦੀਨਾ। ਰਾਮ ਨਾਮ ਬਿਨੁ ਜੀਵਨੁ ਮਨ ਹੀਨਾ। ੧। ਰਹਾਉ। ਨਾਮਦੇਇ ਸਿਮਰਨੁ ਕਰਿ ਜਾਨਾਂ। ਜਗ ਜੀਵਨ ਸਿਉ ਜੀਉ ਸਮਾਨਾਂ। (ਬਿਲਾਵਲ ਨਾਮਦੇਵ ਜੀ)

ਜਉ ਗੁਰਦੇਉ ਤ ਮਿਲੈ ਮੁਰਾਰਿ। ਜਉ ਗੁਰਦੇਉ ਤ ਉਤਰੈ ਪਾਰਿ। ਜਉ ਗੁਰਦੇਉ ਤ ਬੈਕੁੰਠ ਤਰੈ। ਜਉ ਗੁਰਦੇਉ ਤ ਜੀਵਤ ਮਰੈ। ਸਤਿ ਸਤਿ ਸਤਿ ਸਤਿ ਸਤਿ ਗੁਰਦੇਵ। ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ।......

੪. ਜਿਸ ਤਰ੍ਹਾਂ ਗੁਰਮਤਿ ਵਿਚ ਨਾਮੀ ਵਿਚ ਸਮਾਉਣ ਲਈ ਕੇਂਦਰੀ ਸਾਧਨ ਨਾਮ ਹੈ ਇਸੇ ਤਰ੍ਹਾਂ ਭਗਤ ਨਾਮਦੇਵ ਲਈ ਵੀ ਨਾਮ ਸਭ ਸਾਧਨਾਂ ਤੋਂ ਉਚਾ ਹੈ।

ਅਸਮੇਧ ਜਗਨੇ। ਤੁਲਾ ਪੁਰਖ ਦਾਨੇ। ਪ੍ਰਾਗ ਇਸਨਾਨੇ। ੧। ਤਉ ਨ ਪੁਜਹਿ ਹਰਿ ਕੀਰਤਿ ਨਾਮਾ।...... ਸਿਮਰਿ ਸਿਮਰਿ ਗੋਬਿੰਦੰ। ਭਜੁ ਨਾਮਾ ਤਰਸਿ ਭਵ ਸਿੰਧੰ। (ਗੋਂਡ ਨਾਮ ਦੇਉ)

ਕਉਨ ਕਉ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ। ਪਤਿਤ ਪਵਿਤ ਭਏ ਰਾਮੁ ਕਹਤ ਹੀ।......ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ। ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ। (ਰਾਗ ਟੋਡੀ ਬਾਣੀ ਨਾਮਦੇਵ ਜੀ)



www.AKJ.Org

ਮਿਥਿਆ ਜਿਹਬਾ ਅਵਰੇ ਕਾਮ। ਨਿਰਬਾਣ ਪਦੁ ਇਕੁ ਹਰਿ ਕੋ ਨਾਮੁ। ਅਸੰਖ ਕੋਟਿ ਅਨ ਪੂਜਾ ਕਰੀ। ਏਕ ਨ ਪੂਜਸਿ ਨਾਮੈ ਹਰੀ।
(ਰਾਗ ਭੈਰਉ ਨਾਮਦੇਵ ਜੀ)

ਜੋ ਨ ਭਜੰਤੇ ਨਾਰਾਇਣਾ। ਤਿਨ ਕਾ ਮੈ ਨ ਕਰਉ ਦਰਸਨਾ। (ਰਾਗ ਭੈਰਉ ਨਾਮਦੇਵ ਜੀ)

੫. ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਗੁਰਮਤਿ ਅਨੁਸਾਰ ਨਿੰਮ੍ਰਤਾ, ਮਨ ਦੀ ਗਰੀਬੀ ਤੇ ਅਰਦਾਸ ਦੀ ਅਤਯੰਤ ਲੋੜ ਹੈ। ਭਗਤ ਨਾਮਦੇਵ ਜੀ ਵਿਚ ਇਹ ਗੁਣ ਸਹਿਜ ਸੁਭਾਇ ਹੀ ਸਨ।

ਮੋਕਉ ਤਾਰਿ ਲੇ ਰਾਮਾ ਤਾਰਿ ਲੇ। ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ।
(ਗੋਂਡ ਨਾਮਦੇਵ ਜੀ)

ਜੈਸੇ ਤਾਪਤੇ ਨਿਰਮਲੁ ਘਾਮਾ। ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ। (ਭੈਰਉ ਨਾਮਦੇਵ ਜੀ)

ਲੋਭ ਲਹਰਿ ਅਤਿ ਨੀਝਰ ਬਾਜੈ ਕਾਇਆ ਡੂਬੈ ਕੇਸਵਾ ।੧। ਸੰਸਾਰੁ ਸਮੁੰਦੇ ਤਾਰਿ ਗੋਬਿੰਦੇ। ਤਾਰਿ ਲੈ ਬਾਪ ਬੀਠਲਾ ।੧। ਰਹਾਉ। ਅਨਿਲ ਬੇੜਾ ਹਉ ਖੇਵਿ ਨ ਸਾਕਉ। ਤੇਰਾ ਪਾਰੁ ਨ ਪਾਇਆ ਬੀਠੁਲਾ। ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋਕਉ ਪਾਰਿ ਉਤਾਰੇ ਕੇਸਵਾ। ਨਾਮਾ ਕਹੈ ਹਉ ਤਰਿ ਭੀ ਜਾਨਉ। ਮੋਕਉ ਬਾਹ ਦੇਹਿ ਬੀਠੁਲਾ। (ਬਸੰਤ ਨਾਮਦੇਵ ਜੀ)

੬. ਪਰਮਾਤਮਾ ਦਾ ਨਾਮ ਹਿਰਦੇ ਵਿਚ ਵਸਾਉਣ ਲਈ ਹਿਰਦੇ ਦੀ ਸੁਧੀ ਜ਼ਰੂਰੀ ਹੈ। ਇਸ ਲਈ ਬਿਖੈ ਰਸ ਨੂੰ ਛਡਕੇ ਅੰਮ੍ਰਤ ਰਸ ਨੂੰ ਪੀਣਾ ਪੈਂਦਾ ਹੈ। ਅੰਮ੍ਰਤ ਰਸ ਪੁਰਸ਼ ਦੇ ਅੰਦਰੋਂ ਹੀ ਆਉਣਾ ਹੈ ਜਿਸਦੇ ਕੁੰਡ ਹਿਰਦੇ ਵਿਚ ਹੀ ਭਰੇ ਪਏ ਹਨ। ਤੀਰਥਾਂ ਤੇ ਇਸਨਾਨ ਕਰਨ ਨਾਲ ਮਨ ਦੀ ਇਤਨੀ ਸੁਧੀ ਨਹੀਂ ਹੁੰਦੀ ਜਿਨੀ ਕਿ ਆਤਮ ਤੀਰਥ ਉਤੇ ਇਸ਼ਨਾਨ ਕੀਤਿਆਂ ਹੁੰਦੀ ਹੈ। ਪਰਮਾਤਮਾ ਦਾ ਨਾਮ ਸਿਮਰਨ ਸਾਰੇ ਕਲੰਕਾਂ ਤੇ ਪਾਪਾਂ ਨੂੰ ਦੂਰ ਕਰਨ ਵਾਲਾ ਹੈ, ਜਿਸਦੇ ਜਪਿਆਂ ਪਤਿਤ ਵੀ ਪਵਿਤ੍ਰ ਹੋ ਜਾਂਦੇ ਹਨ। ਇਨ੍ਹਾਂ ਗੁਰਮਤਿ ਸਿਧਾਂਤਾਂ ਨੂੰ ਭਗਤ ਨਾਮਦੇਵ ਜੀ ਦੀ ਬਾਣੀ ਕਿਸਤਰ੍ਹਾਂ ਸਪਸ਼ਟ ਕਰ ਰਹੀ ਹੈ:—

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਿਨ ਦਹੈ ਕਾਇਆ ਕਲਪੁ ਕੀਜੈ। ਅਸੁਮੇਧ ਜਗੁ ਕੀਜੈ ਸੋਨਾ ਗਰਭੁ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ। ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ। ਹਰਿ ਕਾ ਨਾਮੁ ਨਿਤ ਨਿਤਹਿ ਲੀਜੈ।
(ਰਾਗ ਰਾਮਕਲੀ ਭਗਤ ਨਾਮਦੇਵ ਜੀ)

ਤੀਰਥ ਦੇਖਿ ਨ ਜਲਿ ਮਹਿ ਪੈਸਉ ਜੀਅ ਜੰਤ ਨ ਸਤਾਉਗੋ। ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ। (ਰਾਮਕਲੀ ਨਾਮਦੇਵ ਜੀ)

ਸਾਪੁ ਕੁੰਚ ਛੋਡੈ ਬਿਖ ਨਹੀ ਛਾਡੈ। ਉਦਕ ਮਾਹਿ ਜੈਸੇ ਬਗੁ ਧਿਆਨ ਮਾਡੈ। ਰਹਾਉ। ਕਾਹਿ ਕਉ ਕੀਜੈ ਧਿਆਨ ਜਪੰਨਾ। ਜਬ ਤੇ ਸੁਧ ਨਹੀਂ ਮਨ ਆਪਨਾ। (ਆਸਾ ਨਾਮਦੇਵ ਜੀ)

ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖ ਕਉ ਮਾਰਿ ਕਢਾਵਉ। (ਸੋਰਠ ਨਾਮਦੇਵ ਜੀ)

ਗੂੰਗੈ ਮਹਾਂ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ। (ਸੋਰਠ ਨਾਮਦੇਵ ਜੀ)

ਭਨਿਤ ਨਾਮ ਦੇਉ ਸੁਕ੍ਰਿਤ ਸੁ ਮਤਿ ਭਏ। ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠ ਗਏ।
(ਟੋਡੀ ਨਾਮਦੇਵ ਜੀ)

੭. ਵਾਹਿਗੁਰੂ ਦਾ ਪਿਆਰ ਪ੍ਰੇਮੀ ਦੇ ਹਿਰਦੇ ਵਿਚ ਏਡਾ ਤੀਬਰ ਤੇ ਸਚਾ ਹੋਣਾ ਚਾਹੀਦਾ ਹੈ। ਜਿਕਰ ਮਛੀ ਨੂੰ ਨੀਰ ਪਿਆਰਾ ਹੈ, ਚਕਵੀ ਨੂੰ ਸੂਰਜ, ਇਸਤ੍ਰੀ ਨੂੰ ਪਤੀ, ਬਾਰਿਕ ਨੂੰ ਮਾਤਾ ਦਾ ਦੁਧ, ਭਵਰੇ ਨੂੰ ਫੁਲ ਦੀ ਸੁਗੰਧੀ ਆਦਿ। ਪ੍ਰੇਮ ਦੇ ਨਾਲ ਨਿਮ੍ਰਤਾ ਤੇ ਮਹਾਂ ਪੁਰਸ਼ਾਂ ਦੇ ਚਰਨਾਂ ਦੀ ਧੂੜ ਬਣੇ ਰਹਿਣ ਦੀ ਲੋਚਾ ਜ਼ਰੂਰੀ ਹੈ।

ਜਿਉ ਧਰਣੀ ਕਉ ਇੰਦ੍ਰੁ ਬਾਲਹਾ, ਕੁਸਮ ਬਾਸੁ ਜੈਸੇ ਭਵਰਲਾ। ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ। ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ। ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨ



www.AKJ.Org

ਰਾਮਈਆ । ਬਾਰਕ ਕਉ ਜੈਸੇ ਖੀਰ ਬਾਲਹਾ ਚਾਤ੍ਰਿਕ ਮੁਖ ਜੈਸੇ ਜਲ ਧਰਾ । ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ।
(ਧਨਾਸਰੀ ਬਾਣੀ ਨਾਮਦੇਵ ਜੀ)

ਮੇਰੇ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ। ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰ।
(ਧਨਾਸਰੀ ਨਾਮਦੇਵ ਜੀ)

੮. ਪਰਮਾਤਮਾ ਦੀ ਪ੍ਰਾਪਤੀ ਲਈ ਘਰ ਨੂੰ ਛਡਣ ਜਾਂ ਦੁਨੀਆਂ ਦੇ ਕਾਰ ਵਿਹਾਰ ਨੂੰ ਤਿਆਗਣ ਦੀ ਲੋੜ ਨਹੀਂ । ਸਗੋਂ ਗੁਰਮਤਿ ਦੇ ਦਸੇ ਉਪਦੇਸ਼ਾਂ ਵਾਂਗ ਹੱਥ ਕਾਰ ਵਲ ਤੇ ਚਿੱਤ ਯਾਰ ਵਲ ਰਖਣ ਦੇ ਅਭਿਆਸ ਦੀ ਲੋੜ ਹੈ । ਜਿਕਰ ਮਾਤਾ ਘਰ ਦਾ ਸਭ ਕੰਮ ਕਾਰ ਕਰਦੀ ਰਹਿੰਦੀ ਹੈ ਪਰ ਚਿਤ ਉਸ ਦਾ ਭੰਗੂੜੇ ਵਿਚ ਪਏ ਬਾਲਕ ਵਿਚ ਹੁੰਦਾ ਹੈ, ਪਰੰਤੂ ਇਸ ਕੱਠਨ ਖੇਡ ਵਿਚ ਸਾਦਕ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣਾ ਪਵੇਗਾ । ਭਾਵੇਂ ਉਹ ਰਾਜ ਬਖਸ਼ ਦੇਵੇ ਭਾਵੇਂ ਭਿਖ ਮੰਗਣ ਲਈ ਮਜਬੂਰ ਕਰ ਦੇਵੇ । ਦੋਹਾਂ ਹਾਲਤਾਂ ਵਿਚ ਉਸੇ ਦੀ ਵਡਿਆਈ ਤੇ ਉਸੇ ਦੀ ਛੁਟਿਆਈ ਸਮਝਣੀ ਪਵੇਗੀ । ਆਪਣੇ ਆਪਨੂੰ ਮੁਲ ਖਰੀਦੀ ਲਾਲਾ ਗੋਲਾ ਸਮਝਣਾ ਪਵੇਗਾ । ਪ੍ਰੇਮੀ ਨੂੰ ਤਾਂ ਉਸਦੇ ਚਰਨਾਂ ਦੀ ਹੀ ਪ੍ਰੀਤ ਲੋੜੀਦੀ ਹੈ:—

ਕਹਤ ਨਾਮ ਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ । ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ।
(ਰਾਮਕਲੀ ਨਾਮਦੇਵ ਜੀ)

ਆਨੀਲੇ ਕਾਗਦੁ ਕਾਟੀ ਲੇ ਗੁਡੀ ਆਕਾਸ ਮਧੇ ਭਰਮੀਅਲੇ। ਪੰਜ ਜਨਾ ਸਿਉ ਬਾਤ ਬਤਊਆ ਚੀਤ ਸੁ ਡੋਰੀ ਰਾਖੀਅਲੇ ।੧। ਮਨੁ ਰਾਮ ਨਾਮਾ ਬੇਧੀਅਲੇ । ਜੈਸੇ ਕਨਿਕ ਕਲਾ ਚਿਤੁ ਮਾਡੀਅਲੇ ।
(ਰਾਮਕਲੀ ਨਾਮਦੇਵ ਜੀ)

ਜੌ ਰਾਜੁ ਦੇਹਿ ਤ ਕਵਨ ਬਡਾਈ। ਜੌ ਭੀਖ ਮੰਗਾਵਹਿ ਤਾ ਕਿਆ ਘਟਿ ਜਾਈ। ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ । ਬਹੁਰਿ ਨ ਹੋਇ ਤੇਰਾ ਆਵਨ ਜਾਨੁ । (ਗੁਜਰੀ ਨਾਮਦੇਵ ਜੀ)

੯. ਭਗਤ ਨਾਮਦੇਵ ਜੀ ਜਾਤੀਵਾਦ ਦੇ ਉਤਨੇ ਹੀ ਉਲਟ ਸਨ, ਜਿਤਨੇ ਸਿਖ ਗੁਰੂ ਸਾਹਿਬਾਨ ਤੇ ਗੁਰਮਤਿ । ਦੇਖਿਆ ਜਾਵੇ ਤਾਂ ਭਗਤ ਨਾਮਦੇਵ ਜੀ ਪਹਿਲੇ ਧਾਰਮਕ ਸੁਧਾਰਕ ਸਨ, ਜਿਨ੍ਹਾਂ ਨੇ ਬ੍ਰਾਹਮਣ ਦੇ ਕਠੜੇ ਤੇ ਬੇਰਹਿਮ ਜਾਤੀਵਾਦ ਨਾਲ ਟਕਰ ਲਈ। ਕਿਉਂਕਿ ਭਗਤ ਜੀ 'ਮਾਨਸ ਕੀ ਜਾਤ ਸਭੈ ਏਕ ਹੀ ਪਹਿਚਾਨਬੋ' ਦੇ ਪੈਰੋਕਾਰ ਸਨ ਤੇ ਬ੍ਰਾਹਮਣ ਦੀ ਜ਼ਾਤੀ ਵਾਦ ਮਨੁਖਤਾ ਦੇ ਸਰਬ ਏਕੇ ਵਿਚ ਕੰਧ ਤੇ ਕੁੜਤਣ ਬਣ ਗਈ ਸੀ। ਧਰਮ ਦੇ ਉਪਦੇਸ਼ ਕਰਨ ਦਾ ਅਧਿਕਾਰ ਬ੍ਰਾਹਮਣ ਕੇਵਲ ਆਪਣਾ ਹੀ ਸਮਝਦਾ ਸੀ, ਦੂਸਰੀ ਜ਼ਾਤੀ ਦਾ ਕੋਈ ਪ੍ਰਾਣੀ ਸਿਧਾ ਪ੍ਰਮਾਤਮਾ ਦੇ ਗੁਣ ਨਹੀਂ ਸੀ ਗਾ ਸਕਦਾ ਜਾਂ ਉਸਨੂੰ ਮਿਲ ਨਹੀਂ ਸੀ ਸਕਦਾ । ਭਗਤ ਨਾਮਦੇਵ ਜੀ ਮੰਦਰ ਵਿਚ ਪ੍ਰਭੂ ਦੇ ਗੁਣ ਗਾ ਕੀਰਤਨ ਕਰ ਰਹੇ ਹਨ । ਬ੍ਰਾਹਮਣ ਨੂੰ ਇਹ ਚੰਗਾ ਨਹੀਂ ਸੀ ਲਗਦਾ ਕਿਉਂਕਿ ਇਹ ਉਸਦੀ ਚੌਧਰ ਤੇ ਵਡਿਆਈ ਨੂੰ ਠੀਸ ਪਹੁੰਚਦਾ ਸੀ । ਭਗਤ ਜੀ ਨੂੰ ਮੰਦਰ ਛਡ ਜਾਣ ਲਈ ਮਜਬੂਰ ਕੀਤਾ ਜਾਂਦਾ ਹੈ, ਤੇ ਉਨ੍ਹਾਂ ਦੇ ਤਾਲ (ਖੜਤਾਲਾਂ ਆਦਿ) ਖੋਹ ਲਏ ਜਾਂਦੇ ਹਨ । ਭਗਤ ਜੀ ਦੇ ਦਿਲ ਉਤੇ ਚੋਟ ਲਗਦੀ ਹੈ ਤੇ ਉਹ ਅੰਦਰੋਂ ਉਠ ਮੰਦਰ ਦੇ ਪਿਛਲੇ ਪਾਸੇ ਜਾ ਕੇ ਕੀਰਤਨ ਕਰਨਾ ਅਰੰਭ ਕਰ ਦਿੰਦੇ ਹਨ ਤੇ ਨਾਲ ਹੀ ਭਗਵਾਨ ਨੂੰ ਪਿਆਰ ਤੇ ਭੁਸਕਦੇ ਨੈਣਾਂ ਵਿਚ ਮੇਹਣੇ ਦੇਣੇ ਸ਼ੁਰੂ ਕਰ ਦਿੰਦੇ ਹਨ । ਏ ਪੰਡੀਆ ਮੋਕੂ ਢੇਡ ਕਹਿਤ ਹੈਂ ਤੇਰੀ ਪੈਜ ਪਛੋੜੀ ਹੋਏਲਾ । ਭਗਤ ਕਰਤ ਮੇਰੇ ਤਾਲ ਛਨਾਏ । ਭਗਤ ਵਛਲ ਭਗਵਾਨ ਭਗਤ ਦੀ ਨਰਾਦਰੀ ਸਹਾਰ ਨਹੀਂ ਸਕਦੇ ਤੇ ਆਪਣੀ ਸ਼ਕਤੀ ਨਾਲ ਦੇਹੁਰੇ ਦੇ ਮੂੰਹ ਨੂੰ ਭੁਵਾਕੇ ਪਿਛਲੇ ਪਾਸੇ ਨਾਮਦੇਵ ਵਲ ਕਰ ਦਿੰਦੇ ਹਨ । ਬ੍ਰਾਹਮਣ ਹੈਰਾਨ ਹੋ ਭਗਤ ਜੀ ਦੀ ਸ਼ਰਣੀ ਆ ਡਿਗਦੇ ਹਨ । ਫੇਰ ਦੀਆ ਦੇਹੁਰਾ ਨਾਮੇ ਕਾ ਪੰਡੀਅਨੁ ਕੋ ਪਿਛਵਾਰਲਾ । ਪਾਂਡਿਆ ਦੇ ਇਸ ਤਰ੍ਹਾਂ ਦੇ ਪਛਾੜੇ ਜਾਣ ਨਾਲ ਭਗਤ ਨਾਮਦੇਵ ਜੀ ਦੀ ਜ਼ਾਤੀਵਾਦ ਦੇ ਉਲਟ ਸਭ ਤੋਂ ਪਹਿਲੀ ਜਿਤ ਹੋ ਜਾਂਦੀ ਹੈ । ਸਾਹਿਬ ਗੁਰੂ ਨਾਨਕ ਦੇਵ ਜੀ ਨੇ ਕਟੜ



www.AKJ.Org

ਮੁਸਲਮਾਨਾਂ ਦੇ ਇਸ ਅਕੀਦੇ ਨੂੰ ਕਿ ਰਬ ਸਿਰਫ ਮਕੇ ਵਿਚ ਹੀ ਹੈ, ਮਕੇ ਵਲ ਆਪਣੇ ਚਰਣ ਕਰਕੇ ਤੇ ਮਕੇ ਨੂੰ ਭਵਾਂਕੇ, ਪਰਮਾਤਮਾਂ ਦੀ ਸਰਬ ਵਿਆਪਕਤਾ ਦਰਸਾ, ਧਰਮ ਸੁਧਾਰ ਦਾ ਬਹੁਤ ਵਡਾ ਕੰਮ ਕੀਤਾ ਜਿਸਤਰ੍ਹਾਂ ਭਗਤ ਨਾਮਦੇਵ ਜੀ ਨੇ ਬ੍ਰਾਹਮਣਾਂ ਦੇ ਜ਼ਾਤੀਵਾਦ ਨੂੰ ਨੀਵਾਂ ਦਖਾਕੇ, ਦੇਹਰੇ ਨੂੰ ਫੇਰ ਮਨੁਖਤਾ ਦੀ ਬਹੁਤ ਵਡੀ ਸੇਵਾ ਕੀਤੀ।

੧੦. ਭਗਤ ਨਾਮਦੇਵ ਜੀ ਗੁਰਮਤਿ ਦੇ ਉਪਦੇਸ਼ੇ ਕ੍ਰਾਂਤਕਾਰੀ ਧਰਮ ਦੇ ਉਪਾਸ਼ਕ ਸਨ। ਉਹ ਸੁਨਯਵਾਦੀ ਧਰਮ ਵਾਲਿਆਂ ਵਾਂਗ ਜ਼ੁਲਮ ਤੇ ਅਤਿਆਚਾਰ ਤੋਂ ਡਰਕੇ ਉਸਨੂੰ ਪ੍ਰਭੂ ਦੀ ਰਜ਼ਾ ਜਾਣ, ਲੁਕ ਛਿਪਕੇ ਜ਼ਾਲਮ ਦਾ ਹੌਸਲਾ ਵਧਾਉਣ ਨਾਲੋਂ, ਭਗਤ ਜੀ ਜ਼ਾਲਮ ਦੇ ਅਤਿਆਚਾਰ ਨੂੰ ਸਹਾਰਕੇ ਵੀ ਉਸਦੀ ਈਨ ਨਹੀਂ ਸਨ ਮੰਨਦੇ, ਸਗੋਂ ਮਾਨਸਕ ਦਲੇਰੀ ਤੇ ਆਤਮਕ ਸ਼ਕਤੀ ਨਾਲ ਮੁਕਾਬਲਾ ਕਰਕੇ ਉਸਨੂੰ ਸਿਧੇ ਰਸਤੇ ਪਾਉਣ ਨੂੰ ਆਪਣੇ ਧਰਮ ਦਾ ਜ਼ਰੂਰੀ ਅੰਗ ਜਾਣਦੇ ਸਨ। ਵਕਤ ਦਾ ਮੁਸਲਮਾਨ ਹਾਕਮ ਭਗਤ ਭਗਤ ਨਾਮਦੇਵ ਜੀ ਦੀ ਪ੍ਰਭਤਾ ਤੇ ਵਡਿਆਈ ਵੇਖ ਇਨ੍ਹਾਂ ਨੂੰ ਕੈਦ ਕਰ ਦਿੰਦਾ ਹੈ ਤੇ ਕਹਿੰਦਾ ਹੈ ਜਾਂ ਤਾਂ ਮੁਸਲਮਾਨ ਹੋ ਜਾਵੇ ਜਾਂ ਮੇਰੀ ਮੋਈ ਹੋਈ ਗਊ ਨੂੰ ਜਵਾ ਦੇਵੋ।

ਸੁਲਤਾਨੁ ਪੂਛੈ ਸੁਨੁ ਬੇ ਨਾਮਾ। ਦੇਖਉ ਰਾਮ ਤੁਮਾਰੇ ਕਾਮਾ। ਨਾਮਾ ਸੁਲਤਾਨੇ ਬਾਧਿਲਾ। ਦੇਖਉ ਤੇਰਾ ਹਰਿ ਬੀਠੁਲਾ।੧। ਰਹਾਉ। ਬਿਸਮਿਲ ਗਊ ਦੇਹੁ ਜੀਵਾਇ। ਨਾਤਰੁ ਗਰਦਨਿ ਮਾਰਉ ਠਾਇ।

ਹਿੰਦੀ ਗੁਰੂ ਨਾਨਕ ਦੇਵ ਜੀ ਤੇ ਬਾਬਰ ਦੀ ਟੱਕਰ ਨਾਲੋਂ ਇਹ ਟੱਕਰ ਮੁਸਲਮਾਨੀ ਮਤ ਦੇ ਅਤਿਆਚਾਰ ਤੇ ਧਰਮ ਦੇ ਹਠ ਦ੍ਰਿੜਤਾ ਦੀ ਵਡੀ ਮਿਸਾਲ ਹੈ। ਭਗਤ ਨਾਮਦੇਵ ਜੀ ਪ੍ਰਭੂ ਭਜਨ ਵਿਚ ਮਸਤ ਹਨ। ਨਾਮਦੇਵ ਜੀ ਦੀ ਮਾਤਾ ਰੁਦਨ ਕਰਦੀ ਤੇ ਕਹਿੰਦੀ ਹੈ ਕਿ ਤੂੰ ਤਾਂ ਰਾਮ ਤੇ ਅਲਾਹ ਵਿਚ ਫਰਕ ਨਹੀਂ ਸਮਝਦਾ ਹੁਣ ਰਾਮ ਦੀ ਥਾਂ ਤੇ ਅਲਾਹ ਕਹਿਣਾ ਸ਼ੁਰੂ ਕਰ ਦੇ, ਤੇਰੇ ਵਾਸਤੇ ਕੋਈ ਫਰਕ ਨਹੀਂ ਤੇਰੀ ਜਾਨ ਵੀ ਬਚ ਜਾਵੇਗੀ।

ਰੁਦਨੁ ਕਰੈ ਨਾਮੇ ਕੀ ਮਾਇ। ਛੋਡਿ ਰਾਮੁ ਕੀ ਨ ਭਜਹਿ ਖੁਦਾਇ। ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ। ਪਿੰਡੁ ਪੜੈ ਤਉ ਹਰਿ ਗੁਨ ਗਾਇ।

ਆਮ ਜਨਤਾ ਬਾਦਸ਼ਾਹ ਪਾਸ ਜਾ ਕੇ ਨਾਮਦੇਵ ਜੀ ਨੂੰ ਛਡ ਦੇਣ ਲਈ ਕਹਿੰਦੀ ਹੈ ਤੇ ਇਸ ਦੇ ਬਦਲੇ ਨਾਮਦੇਵ ਜੀ ਦੇ ਭਾਰ ਦੇ ਤੋਲ ਵਿਚ ਸੋਨਾ ਦੇਣ ਨੂੰ ਤਿਆਰ ਹੈ। 'ਬਾਦਿਸ਼ਾਹ ਬੇਨਤੀ ਸੁਨੇਹੁ। ਨਾਮੇ ਸਰਭਰਿ ਸੋਨਾ ਲੇਹੁ। ਬਾਦਸ਼ਾਹ ਮੰਨਦਾ ਨਹੀਂ ਹੈ ਪਰੰਤੂ ਧਰਨੀ-ਧਰ (ਧਰਤੀ ਦਾ ਬਾਦਸ਼ਾਹ ਭਗਵਾਨ) ਨਾਮਦੇਵ ਜੀ ਦੀ ਬੇਨਤੀ ਸੁਣਕੇ ਪ੍ਰਗਟ ਹੋ ਜਾਂਦੇ ਹਨ ਤੇ ਆਖਦੇ ਹਨ ਕਰਹਿਤ ਮੁਈ ਗਊ ਦੇਉ ਜੀਆਇ। ਸਭੁ ਕੋਈ ਦੇਖੈ ਪਤੀਆਇ। ਨਾਮਾ ਪ੍ਰਣਵੈ ਸੇਲ ਮਸੇਲ। ਗਊ ਦੁਹਾਈ ਬਛਰਾ ਮੇਲ। ਮੋਈ ਗਊ ਨੂੰ ਜੀਵਤ ਦੇਖਕੇ ਬਾਦਸ਼ਾਹ ਬਹੁਤ ਖੁਸ਼ ਹੁੰਦਾ ਹੈ ਤੇ ਨਾਮਦੇਵ ਜੀ ਦੀ ਚਰਨੀਂ ਢਹਿ ਪੈਂਦਾ ਹੈ, ਤੇ ਨਾਮਦੇਵ ਜੀ ਅਗੋਂ ਕਹਿੰਦੇ ਹਨ 'ਨਾਮ ਕਹੈ ਸੁਨਹੁ ਬਾਦਿਸ਼ਾਹ। ਇਹੁ ਕਿਛੁ ਪਤੀਆ ਮੁਝੈ ਦਿਖਾਇ। ਇਸ ਪਤੀਆ ਕਾ ਇਹੈ ਪਰਵਾਨੁ। ਸਾਚ ਸੀਲਿ ਚਾਲਹੁ ਸੁਲਿਤਾਨ...... ਨਾਮੇ ਕੀ ਕੀਰਤਿ ਰਹੀ ਸੰਸਾਰਿ। ਭਗਤ ਜਨਾ ਲੈ ਉਧਰਿਆ ਪਾਰਿ। ਸਗਲ ਕਲੇਸ ਨਿੰਦਕ ਭਇਆ ਖੇਦੁ। ਨਾਮੇ ਨਾਰਾਇਣ ਨਾਹੀ ਭੇਦ।'

ਨਾਮਦੇਵ ਜੀ ਦੇ ਇਸ ਸਾਕੇ ਸਿਖ ਇਤਿਹਾਸ ਉਤੇ ਬੜਾ ਅਸਰ ਪਾਇਆ। ਪੰਜਵੇਂ ਤੇ ਨਾਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਛੁਟ ਛੋਟੇ ਸਾਹਿਬ-ਜ਼ਾਦਿਆਂ ਦੇ ਨੀਹਾਂ ਵਿਚ ਚਿਣੇ ਜਾਣ ਤੇ ਵੀ ਧਰਮ ਨੂੰ ਛਡਣ ਦੇ ਸ਼ਹਾਦਤ ਦੇ ਸਾਕੇ ਤੇ ਮੀਰ ਮੰਨੂ ਦੇ ਵੇਲੇ ਇਕ ਛੋਟੇ ਸਿਖ ਬਚੇ ਦੀ ਸ਼ਹਾਦਤ ਜਿਸ ਨੇ ਮਾਂ ਨੂੰ ਲਲਕਾਰ ਕੇ ਨਾਮਦੇਵ ਜੀ ਵਾਂਗੂ ਕਹਿਆ ਕਿ 'ਨ ਹਉ ਤੇਰਾ ਪੂੰਗੜਾ ਨ ਤੂੰ ਮੇਰੀ ਮਾਇ। ਪਿੰਡ ਪੜੈ ਤਉ ਹਰਿ ਗੁਨ ਗਾਇ ਤੇ ਕਹਿਆ ਕਿ ਇਹ ਮੇਰੀ ਮਾਤਾ ਨਹੀਂ ਹੈ ਕਿਉਂਕਿ ਮੋਹ ਵਿਚ ਇਹ ਇਸ ਪਿੰਡ (ਸਰੀਰ) ਲਈ ਰੁਦਨ ਕਰਦੀ ਤੇ ਝੂਠ ਬੋਲਦੀ ਹੈ ਕਿ ਇਹ ਸਿਖ ਨਹੀਂ ਹੈ ਪਰ ਮੈਂ ਸਿਖ ਹਾਂ ਤੇ ਸ਼ਹੀਦੀ ਪਵਾਨ ਕਰਦਾ ਹਾਂ। (ਚਲਦਾ)


www.AKJ.Org

# ਵਹਿ ਪ੍ਰਗਟਿਓ ਮਰਦ ਅਗੰਮੜਾ......

ਵਲੋਂ

ਗਿ: ਜਸਮੇਰ ਸਿੰਘ ਜੀ, 'ਪਾਲ'

(ਲੜੀ ਜੋੜਨ ਲਈ ੫ ਅਕਤੂਬਰ ਦਾ ਪਰਚਾ ਵੇਖੋ)

*

ਗੁਰਦਾਸ ਸਿੰਘ ਜੀ ਆਪਣੀ 'ਖਾਲਸੇ ਦੀ ਵਾਰ' ਵਿਚ ਲਿਖਦੇ ਹਨ :—

ਤੀਸਰ ਪੰਥ ਚਲਾਈਅਨ ਵਡ ਸੂਰ ਗਹੇਲਾ ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ।

**1699** ਈਸਵੀ ਦੀ ਸੁਭਾਗਾਂ ਵਾਲੀ ਵਿਸਾਖੀ ਆਈ । ਮੌਸਮ ਡੋਲਿਆ । ਸਿਟਿਆਂ ਨੇ ਸੋਨ ਸੁਨਹਿਰੀ ਰੰਗ ਫੜਿਆ । ਡਾਲੀ ਡਾਲੀ ਝੂਮ ਉਠੀ । ਦੇਸ਼ ਦੀ ਆਜ਼ਾਦੀ ਦਾ ਰਸਤਾ ਖੋਲਣ ਲਈ, ਨਵੀਂ ਸੜਕ ਦੇਸ਼ ਕੌਮ ਦੀ ਬਣਾਉਣ ਲਈ ਦਸਵੇਂ ਗੁਰੂ ਨੇ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਬੁਲਾਇਆ। ਇਹ **13** ਅਪਰੈਲ ਦਾ ਸੁਭਾਗਾ ਦਿਹਾੜਾ ਸੀ। ਵਸੋਂ ਤੋਂ ਬਾਹਰ ਉਚੇ ਟਿੱਲੇ ਉਤੇ ਸਾਹਿਬ ਨੇ ਇਕ ਤੰਬੂ ਲਗਵਾਇਆ ਜੋ ਚਾਰੇ ਪਾਸਿਓਂ ਬੰਦ ਸੀ। ਇਹ ਸੀਸ ਭੇਟ ਕਰਵਾਉਣ ਦਾ ਮਹਾਨ ਇਕਲਾਬ ਸੀ। ਲੋਕੀਂ ਹਜ਼ਾਰਾਂ ਦੀ ਭਾਰੀ ਗਿਣਤੀ ਵਿਚ ਇਥੇ ਪੁਜੇ ਹੋਏ ਸਨ । ਗੁਰੂ ਜੀ ਦਾ ਇਹ ਇਨਕਲਾਬੀ ਬਚਿਤਰ ਨਾਟਕ ਸੀ। ਸੀਸ ਭੇਟ ਚੜ੍ਹਾਇਆਂ ਹੀ ਕਿਸਮਤਾਂ ਬਦਲਦੀਆਂ ਹਨ। ਭਰੇ ਇਕੱਠ ਵਿਚ ਨਿਕਲੇ। ਚੰਡੀ ਸ਼ੂਕਦੀ ਹੋਈ, ਚਮਕਾਰੇ ਮਾਰਦੀ ਹੋਈ ਖ਼ੂਨ ਮੰਗਦੀ ਸੀ। ਸਾਹਿਬ ਨੇ ਲਲਕਾਰ ਕੇ ਕਿਹਾ —

'ਦੇਸ਼ ਵਾਸੀਓ ਇਕ ਸੀਸ ਦੀ ਲੋੜ ਹੈ। ਕੌਣ ਆਪਣਾ ਸੀਸ ਭੇਟ ਚੜ੍ਹਾਵੇਗਾ ।'

ਪਹਿਲਾਂ ਮਰਨ ਕਬੂਲ, ਜੀਵਨ ਕੀ ਛਡ ਆਸ ।
ਹੋਹੁ ਸਗਲ ਕੀ ਰੇਣ ਕਾ, ਆਓ ਹਮਾਰੇ ਪਾਸ ।

ਇਹ ਸੁਣਕੇ ਦੀਵਾਨ ਵਿਚ ਸਨਾਟਾ ਛਾ ਗਿਆ। ਕਈ ਕਮਜ਼ੋਰ ਦਿਲ-ਚੋਰ ਅੱਖਾਂ ਨਾਲ ਭੱਜ ਖਲੋਏ। ਭਲਾ ਕੌਣ ਉਠੇ ਚੰਡੀ ਦਾ ਖਾਜਾ ਬਨਣ ਲਈ। ਕਈ ਆਖਣ ਲਗੇ ਅੱਜ ਗੁਰੂ ਜੀ ਦੀ ਤਲਵਾਰ ਅਪਣਿਆਂ ਤੇ ਹੀ ਚਲਣ ਲਗ ਪਈ ਹੈ। ਕੁਝ ਸਿੱਖਾਂ ਨੇ ਮਾਤਾ ਜੀ ਨੂੰ ਆਖਿਆ ਅੱਜ ਗੁਰੂ ਜੀ ਆਪੇ ਤੋਂ ਬਾਹਰ ਹੋ ਗਏ ਹਨ। ਸਮਝ ਨਹੀਂ ਲਗਦੀ ਗੁਰੂ ਜੀ ਨੂੰ ਕੀ ਹੋ ਗਿਆ ਹੈ। ਪਰ ਕਿਸ ਨੂੰ ਪਤਾ ਸੀ ਕਿ ਪਾਤਸ਼ਾਹ ਦੇਸ਼ ਦੀ ਕਿਸਮਤ ਨੂੰ ਬਣਾਉਣ ਲਈ ਲੋਹੜੇ ਦਾ ਇਨਸਾਫ਼ ਲਿਆ ਰਿਹਾ ਹੈ।

ਦਇਆ ਰਾਮ ਖ਼ਤਰੀ ਲਾਹੌਰ ਦਾ ਗਲ ਵਿਚ ਪੱਲਾ ਪਾ ਕੇ ਅੱਗੇ ਵਧਿਆ। ਪਵਣ ਮਨ ਨੂੰ ਹੀਰੇ ਨੇ ਬੇਧ ਦਿਤਾ। ਆਪਣੇ ਪਿਆਰੇ ਨੂੰ ਲੱਖਾਂ ਦੀ ਭੀੜ ਵਿਚ ਕੱਢ ਲਿਆਂਦਾ ਆਪਣਾ ਹੱਥ ਸੇਵਕ ਦੇ ਸਿਰ ਉਤੇ ਰੱਖ ਕੇ। ਦੂਜੀ ਵਾਰ ਫਿਰ ਸਿਰ ਦੀ ਮੰਗ ਕੀਤੀ। ਹੁਣ ਦੀਵਾਨ ਖਾਲੀ ਹੋਣਾ ਸ਼ੁਰੂ ਹੋ ਗਿਆ। ਧਰਮ ਚੰਦ ਜੱਟ ਹਸਤਨਾਪੁਰ ਜੋ ਦਿਲੀ ਦੇ ਨੇੜੇ ਦਾ ਸੀ; ਉਠਿਆ। ਆਪਣੇ ਆਪ ਨੂੰ ਭੇਟ ਚੜ੍ਹਾ ਦਿਤਾ। ਤੰਬੂ ਵਿਚ ਤਲਵਾਰ ਦਾ ਖੜਾਕ ਹੋਇਆ। ਧੜ ਡਿਗਣ ਦੀ ਆਵਾਜ਼ ਆਈ। ਅੰਦਰ ਪਤਾ ਨਹੀਂ ਸਾਹਿਬ ਨੇ ਕੀ ਕੌਤਕ ਵਰਤਾਇਆ। ਲਹੂ ਦੀ ਧਾਰ ਬਾਹਰ ਆਈ। ਵਾਰੋ ਵਾਰੀ ਦੋਵੇਂ ਝਟਕ ਦਿਤੇ। ਜਨਮ ਮਰਨ ਕੱਟ ਦਿਤਾ। ਫਿਰ ਹਿੰਮਤੂ ਝੀਊਰ ਜਗਨ ਨਾਥ ਉੜੀਸਾ ਦੇ ਤੇ ਮੋਹਕਮ ਚੰਦ ਛੀਂਬਾ ਦੁਆਰਕਾ ਗੁਜਰਾਤ-ਕਾਠੀਆਵਾੜ ਦੇ ਅੰਤ ਵਿਚ ਸਾਹਿਬ ਚੰਦ ਨਾਈ ਬਿਦਰ ਕਸਬੇ ਦੇ ਜੋ ਆਂਧਰਾ ਪ੍ਰਦੇਸ ਦੇ ਸਨ, ਚੋਣ ਵਿਚ ਪੂਰੇ ਉਤਰੇ। ਸਾਰਿਆਂ ਨੇ ਵਾਰੋ ਵਾਰੀ ਸੀਸ ਦਿਤੇ। ਸੂਰੇ ਰੰਗ ਦੀ ਭਗਤੀ ਨੇ



www.AKJ.Org

ਪੰਜਾਂ ਨੂੰ ਚੁਣਿਆ। ਇਹ ਪੰਜ ਪਿਆਰੇ ਅਖਵਾਏ। ਇਹਨਾਂ ਨੂੰ ਸਿੰਘ ਬਣਾਇਆ ਗਿਆ। ਲੱਖਾਂ ਦੀ ਭੀੜ ਵਿਚੋਂ ਪੰਜਾਂ ਨੂੰ ਇਉਂ ਕਢ ਲਿਆਂਦਾ ਜਿਵੇਂ ਮੱਖਣ ਚੋਂ ਵਾਲ ਕਢੀਦਾ ਹੈ। ਹੁਣ ਦੈਵੀ ਸ਼ਕਤੀ ਨਾਲ ਪੰਜਾਂ ਨੂੰ ਜੀਵਨ ਦਿਤਾ। ਸਿਧੇ ਸੁਧੇ ਦਸਤਾਰ ਸਜਾਏ। ਪੰਜਾਂ ਕਕਾਰਾਂ ਕੰਘਾ, ਕੜਾ, ਕੱਛ, ਕ੍ਰਿਪਾਨ ਕੇਸਕੀ ਦੀ ਰਹਿਤ ਦਿਤੀ। ਪੰਜ ਬਾਣੀਆਂ ਦਾ ਪੜ੍ਹਨਾ ਮਨ ਦੀ ਆਤਮਕ ਭੁਖ ਨੂੰ ਦੂਰ ਕਰਨ ਦਾ ਵਸੀਲਾ ਦਸਿਆ। ਅੰਮ੍ਰਿਤ ਵੇਲੇ ਦੀਆਂ ਪੰਜ ਬਾਣੀਆਂ ਜਪੁਜੀ, ਜਾਪ, ਸੁਧਾ ਸਵਈਏ, ਚੌਪਈ, ਅਨੰਦ ਸਾਹਿਬ (ਵੱਡਾ) ਸ਼ਾਮ ਦੀਆਂ ਬਾਣੀਆਂ ਰਹਿਰਾਸ, ਕੀਰਤਨ ਸੋਹਿਲਾ ਹਨ। ਸਵੇਰ ਤੇ ਸ਼ਾਮ ਦੇ ਨਿੱਤਨੇਮ ਮਗਰੋਂ ਅਰਦਾਸ ਕਰਨੀ ਜ਼ਰੂਰੀ ਹੈ। ਸਿੰਘ ਹਰ ਰੋਜ਼ ਸਮੇਤ ਕਛਹਿਰੇ ਇਸ਼ਨਾਨ ਸੋਧੇ। ਚਾਰ ਕੁਰਹਿਤਾਂ ਤਮਾਕੂ ਦਾ ਵਰਤਣਾ, ਰੋਮਾਂ ਦੀ ਬੇਅਦਬੀ, ਕੁੱਠ ਖਾਣਾ, ਪਰਾਈ ਇਸਤਰੀ ਦਾ ਸੰਗ ਤੋਂ ਬਚੇ। ਇਕ ਅਕਾਲ ਤੋਂ ਬਿਨਾਂ ਮੜ੍ਹੀ ਮਸਾਣ, ਦੇਵੀ ਦੇਵਤੇ, ਮੂਰਤੀ ਪੂਜਾ ਜਾਂ ਅਵਤਾਰ ਪੂਜਾ ਵਲ ਧਿਆਨ ਨਾ ਦੇਵੇ। ਖਾਲਸਾ ਅਕਾਲ-ਪੁਰਖ ਹੈ।

ਸਰਬ ਕਾਲ ਹੈ ਪਿਤਾ ਹਮਾਰਾ।
ਦੇਬ ਕਾਲਕਾ ਮਾਤ ਹਮਾਰਾ।
(ਬਚਿੱਤਰ ਨਾਟਕ ਵਿਚੋਂ)
ਆਦਿ ਅੰਤ ਏਕੈ ਅਵਤਾਰਾ।
ਸੋਈ ਗੁਰੂ ਸਮਝਿਅਹੁ ਹਮਾਰਾ।
(ਕਬਿਓ ਬਾਚ ਬੇਨਤੀ ਚੌਪਈ ਚੋਂ)

ਮਾਤਾ ਸਾਹਿਬ ਕੌਰ ਨੇ ਅੰਮ੍ਰਿਤ ਵਿਚ ਪਤਾਸੇ ਪਾਏ ਤਾਂ ਜੁ ਇਸਤਰੀਆਂ ਦਾ ਵੀ ਅੰਮ੍ਰਿਤ ਵਿਚ ਹਿੱਸਾ ਰਹਿ ਸਕੇ। ਪਤਾਸੇ ਅੰਮ੍ਰਿਤ ਵਿਚ ਇਸ ਗੱਲ ਦੇ ਸੂਚਕ ਹਨ ਕਿ ਸਿੰਘ ਮਿੱਠਾ ਬੋਲੇ। ਛਕਣ ਵਾਲਾ ਮਿਠਾਸ ਭਰਿਆ ਜੀਵਨ ਬਤੀਤ ਕਰੇ। ਅੰਮ੍ਰਿਤ ਵਿਚ ਖੰਡਾ ਮੀਰੀ ਤੇ ਪੀਰੀ ਸ਼ਕਤੀ ਦਾ ਚਿੰਨ੍ਹ ਹੈ। ਲੋੜ ਪਵੇ ਧਰਮ ਜੁੱਧ ਲਈ ਖੰਡੇ ਦਾ ਅੰਮ੍ਰਿਤ ਛਕਣ ਵਾਲਾ ਤਲਵਾਰ ਦੀ ਵਰਤੋਂ ਕਰ ਸਕੇ। ਅੰਮ੍ਰਿਤ ਵਿਚ ਜਲ ਠੰਢਕ ਦਾ ਚਿੰਨ੍ਹ ਹੈ। ਪਵਿਤਰਤਾ ਦਾ ਚਿੰਨ੍ਹ ਹੈ। ਜਲ ਨੂੰ ਮੈਲ ਨਹੀਂ ਲਗਦੀ। ਅੰਮ੍ਰਿਤ ਜਲ ਪੀਣ ਵਾਲਾ ਨਿਰਲੇਪ ਰਹੇ। ਪਾਪਾਂ ਦੀ ਮੈਲ ਨਾ ਲਗਣ ਦੇਵੇ। ਛਕਣ ਵਾਲੇ ਤੋਂ ਆਸ ਕੀਤੀ ਜਾਂਦੀ ਹੈ, ਕਿ ਉਹ ਗਹਿਰ ਗੰਭੀਰ ਸਾਂਤ ਚਿਤ ਰਹੇ ਤੇ ਗੁਰਸਿੱਖੀ ਵਾਲਾ ਅਜੇਹਾ ਜੀਵਨ ਬਤੀਤ ਕਰੇ ਜਿਸ ਵਿਚੋਂ ਪਵਿਤਰਤਾ ਨਿਕਲੇ। ਬਾਟੇ ਵਿਚ ਦਸ਼ਮੇਸ਼ ਜੀ ਨੇ ਸਤਲੁਜ ਦਾ ਪਾਣੀ ਪਾਇਆ। ਵਿਚ ਦੋ-ਧਾਰਾ ਫੌਲਾਦੀ ਖੰਡਾ ਫੇਰਿਆ। ਪੰਜ ਬਾਣੀਆਂ ਪੜ੍ਹਦਿਆਂ ਅੰਮ੍ਰਿਤ ਤਿਆਰ ਕੀਤਾ। ਪੰਜਾਂ ਨੂੰ ਗੁਰਮੰਤਰ ਵਾਹਿਗੁਰੂ ਦਿੱਤਾ।

ਪੰਥ ਪ੍ਰਕਾਸ਼ ਵਿਚ ਅੰਮ੍ਰਿਤ ਦੀ ਤਿਆਰੀ ਇਸ ਪ੍ਰਕਾਰ ਲਿਖੀ ਹੈ :—

ਅਪਣੇ ਅਸਥਾਨ ਕੀਓ ਗੁਰ ਥਾਟਾ।
ਲੋਹੇ ਕਾ ਫਿਰ ਲੇਕਰ ਬਾਟਾ।
ਸਤਲੁਜ ਕਾ ਜਲ ਬੀਚ ਮੈਂ ਪਾਇਓ।
ਸਤਗੁਰ ਜੀ ਫਿਰ ਖੰਡਾ ਘੁਮਾਇਓ।
ਮਾਤਾ ਸਾਹਿਬ ਕੌਰ ਫਿਰ ਆਈ।
ਦਏ ਪਤਾਸੇ ਬਾਟੇ ਪਾਈ।
ਧਿਆਨ ਗੁਰੂ ਜੀ ਬੀਚ ਅੰਮ੍ਰਿਤ ਰਾਖਯੋ।
ਮੁਖ ਤੇ ਗੁਰਮੰਤਰ ਵਾਹਿਗੁਰੂ ਭਾਖਯੋ।

ਅੰਮ੍ਰਿਤ ਨੇ ਸਾਡੇ ਉਤੇ ਜਾਦੂ ਭਰੀ ਤਬਦੀਲੀ ਲਿਆਂਦੀ। ਸਾਨੂੰ ਦੁਨੀਆਂ ਦੇ ਹੋਰਨਾਂ ਬੰਦਿਆਂ ਨਾਲੋਂ ਉਚਿਆਇਆ। ਆਦਰਸ਼ਕ ਮੁਕੰਮਲ ਇਨਸਾਨ ਦਾ ਜਾਮਾ ਖਾਲਸੇ ਨੂੰ ਦਿੱਤਾ ਗਿਆ। ਪੰਜ ਸੀਸ ਭੇਟ ਕਰਨ ਵਾਲੇ ਪੰਜ ਪਿਆਰੇ ਅਖਵਾਏ। ਪੰਜਾਂ ਨੇ ਦਰਗਾਹੇ ਮਾਣ ਪਾਇਆ, ਵਾਹਿਗੁਰੂ ਜੀ ਦੀ ਬਖਸ਼ਿਸ ਪਰਾਪਤ ਕੀਤੀ।

ਪੰਚੇ ਪਾਵਹਿ ਦਰਗਹਿ ਮਾਨ।
ਪੰਚੇ ਸੋਹਹਿ ਦਰ ਰਾਜਾਨ।
ਪੰਚਾ ਕਾ ਗੁਰ ਏਕ ਧਿਆਨ।

ਅੰਮ੍ਰਿਤ ਦੀ ਤਿਆਰੀ ਵਿਚ ਦਇਆ, ਧਰਮ ਤੇ ਹਿੰਮਤ ਦੀਆਂ ਬੂਟੀਆਂ ਪਾਈਆਂ ਗਈਆਂ। ਦਇਆ ਤੋਂ ਧਰਮ ਉਪਜਦਾ ਹੈ। ਧਰਮ ਜਗਤ ਦਾ ਮੂਢ ਹੈ, ਧਨ ਹੈ, ਆਸਰਾ ਹੈ। ਧਰਤੀ ਧਰਮ ਦੀ ਸੱਚੀ



www.AKJ.Org

ਧਰਮਸ਼ਾਲਾ ਹੈ । ਇਹ ਸਰੀਰ ਵੀ ਧਰਮ ਹੈ ਕਿਉਂ ਜੁ ਸਰੀਰ ਦਾ ਫ਼ਰਜ਼ ਧਰਮ ਕਮਾਉਣਾ ਹੈ । ਜਿਸ ਦੇ ਰਿਦੇ ਵਿਚ ਸਤ ਸਰੂਪ ਸਿਮਰਨ ਦਾ ਵਾਸਾ ਹੈ ਉਹੋ ਹੀ ਜਿਉਂਦਾ ਹੈ ਬਾਕੀ ਤਾਂ ਤੁਰਦੀਆਂ ਫਿਰਦੀਆਂ ਲੋਥਾਂ ਹਨ :—

ਸੋ ਜੀਵਿਆ ਜਿਸ ਮਨ ਵਸਿਆ ਸੋਇ ।
ਨਾਨਕ ਅਵਰੁ ਨ ਜੀਵਹਿ ਕੋਇ ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੰਜ ਚੁਲੇ ਕੇਸਾਂ ਵਿਚ ਪਾਏ । ਅੱਖਾਂ ਵਿਚ ਅੰਮ੍ਰਿਤ ਦੇ ਛਿੱਟੇ ਮਾਰੇ । ਪੰਜ ਪੰਜ ਘੁਟ ਹਰ ਇਕ ਨੂੰ ਪਿਲਾਏ । ਅੱਖਾਂ ਵਿਚ ਛਿੱਟਾਂ ਮਾਰ ਕੇ ਜਗਿਆਸੂ ਨੂੰ ਨਿਰਭਉ ਬਣਾ ਦਿੱਤਾ ਤਾ ਕਿ ਇਸ ਦੀ ਅੱਖ ਜ਼ਾਲਮ ਜਰਵਾਣੇ ਦੇ ਸਾਹਮਣੇ ਨੀਵੀਂ ਨਾ ਪੈ ਜਾਏ । ਕੇਸਾਂ ਵਿਚ ਛਿੱਟਾਂ ਪਾਈਆਂ ਤਾਂ ਜੁ ਦਸਮ ਦੁਆਰਾ ਨਾਮ ਮਹਾਂ ਰਸ ਦੀ ਝਰਨਾਟ ਛਿੜੇ ਇਹ ਆਪਣੇ ਅਸਲੇ ਨੂੰ ਪਛਾਣੇ । ਪੰਜ ਘੁਟ ਇਸ ਲਈ ਪਿਲਾਏ ਤਾਂ ਜੋ ਦਿਲ ਵਿਚੋਂ ਗੁਲਾਮੀ ਧੋਤੀ ਜਾਵੇ । ਅੰਮ੍ਰਿਤ ਦੁਆਰਾ ਗੁਰੂ ਜੀ ਨੇ ਛੂਤ ਛਾਤ, ਕਰਮ ਕਾਂਡ, ਜਾਤ ਪਾਤ, ਸੁਚ-ਭਿੱਟ, ਸਭ ਨੂੰ ਮੂਲੋਂ ਪੁਟ ਕੇ ਰੱਖ ਦਿਤਾ । ਗੁਰਮਤ ਗਾਡੀ ਰਾਹ ਤਿਆਰ ਕੀਤਾ । ਸੱਚ ਨੂੰ ਸਦੀਵੀ ਅਮਲੀ ਤੌਰ ਤੇ ਧਾਰਮਕ ਲੈਵਲ ਤੇ ਲੈ ਆਂਦਾ । ਮਨਾਂ ਵਿਚੋਂ ਭੈ ਕੱਢ ਦਿਤਾ । ਧਰਮ ਤਦੋਂ ਬਚ ਸਕਦਾ ਹੈ ਜੇਕਰ ਕੋਲ ਹਿੰਮਤ ਹੋਵੇ । ਸਵੈਭਰੋਸਾ ਹੋਵੇ । ਅਕਾਲ ਦੀ ਓਟ ਹੋਵੇ । ਇਸ ਲਈ ਹਿੰਮਤ ਬੂਟੀ ਅੰਮ੍ਰਿਤ ਵਿਚ ਪਾਈ । ਹਿੰਮਤ ਤਦੇ ਆਵੇਗੀ ਜੇ ਮੋਹ ਕਮ ਕੀਤਾ ਜਾਵੇਗਾ । ਮੋਹ ਨੂੰ ਘਟਾਇਆ ਜਾਵੇਗਾ, 'ਮੋਹਿ ਮਰਨੇ ਕਾ ਚਾਉ' ਪੈਦਾ ਕੀਤਾ ਜਾਵੇਗਾ । ਮੋਹ ਨੂੰ ਕਮ ਕਰਨ ਵਾਲਾ ਮੁਹਕਮ ਸਿੰਘ ਬਣਿਆ । ਜਿਸ ਵਿਚ ਦਇਆ, ਧਰਮ, ਹਿੰਮਤ ਤੇ ਮੋਹਕਮ ਆ ਗਿਆ ਉਹ ਸਹਿਬ ਦਾ ਬੰਦਾ ਸਾਹਿਬ ਬਣ ਗਿਆ ਤੇ ਇਨਸਾਨਾਂ ਵਿਚੋਂ 'ਸਾਹਬ' ਅਖਵਾਇਆ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ 'ਸਾਹਿਬ' ਪੈਦਾ ਕੀਤੇ । ਡਰਣ ਵਾਲੇ ਸਿੰਘ ਅਰਥਾਤ ਸ਼ੇਰ ਅਖਵਾਏ । ਸਿੰਘਾਂ ਨੂੰ ਸਤ ਸ੍ਰੀ ਅਕਾਲ ਦਾ ਬੋਲਾ ਦਿਤਾ । ਜਿਸ ਦਾ ਅਰਥ ਹੈ ਰੱਬ ਸੱਚਾ ਹੈ ਜਾਂ ਸਚਾਈ ਹੀ ਰੱਬ ਹੈ—

ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ । (ਜਪੁਜੀ)

ਉਹ ਤਿਨ ਕਾਲ ਸਦੀਵੀ ਸੱਚ ਹੈ । ਅੰਮ੍ਰਿਤ ਵਾਲੇ ਦਿਨ ਸਾਡਾ ਪੁਨਰ ਜਨਮ ਹੋਇਆ । ਅਕਾਲ ਮੂਰਤ ਦਾ ਪਾਰਾਵਾਰ ਪਾਉਣ ਦਾ ਸੌਖਾ ਢੰਗ ਲਭਿਆ । ਮਾਤਾ ਸਾਹਿਬ ਕੌਰ ਦੀ ਮਿਠੜੀ ਝੋਲ ਵਿਚ ਖਾਲਸਾ ਪਿਆ । ਅੰਮ੍ਰਿਤਧਾਰੀਆਂ ਨੇ ਅਣਖ ਤੇ ਅਜ਼ਾਦੀ ਬੜੇ ਮਹਿੰਗੇ ਮੁਲ ਕਈ ਵਰਿਆਂ ਮਗਰੋਂ ਜਾ ਕੇ ਸਿਰ ਦੇ ਕੇ ਲਿਤੀ । ਅੰਮ੍ਰਿਤ ਪਾਨ ਕਰਨ ਵਾਲਿਆਂ ਇਕ ਮਾਟੋ ਸਾਹਮਣੇ ਰਖਿਆ :-

ਸਿਰ ਜਾਵੇ ਤਾਂ ਜਾਵੇ
ਸਾਡਾ ਸਿੱਖੀ ਸਿਦਕ ਨਾ ਜਾਵੇ ।

ਦੁਨੀਆਂ ਦੇ ਸਭੇ ਪੈਗੰਬਰ, ਰਹਿਬਰ ਤੇ ਧਾਰਮਕ ਆਗੂ ਆਪਣੇ ਚੇਲਿਆਂ ਨੂੰ ਆਪਣੇ ਆਪ ਤੋਂ ਨੀਵੇਂ ਰਖਦਾ ਰਹੇ, ਆਪਣੀ ਪੂਜਾ ਕਰਵਾਉਂਦੇ ਰਹੇ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਹਨਾਂ ਬਾਰੇ ਬਚਿੱਤਰ ਨਾਟਕ ਵਿਚ ਆਪ ਲਿਖਦੇ ਹਨ:—

ਸਭ ਅਪਨੀ ਅਪਨੀ ਉਰਝਾਨਾ ।
ਪਾਰਬ੍ਰਹਮ ਕਾਹੂ ਨ ਪਹਿਚਾਨਾ ।
ਪਰਮ ਪੁਰਖ ਕਿਨਹੂ ਨਹੀ ਪਾਇਓ ।
ਬੈਰ ਬਾਦ ਅਹੰਕਾਰ ਬਢਾਇਓ ।

ਪਰ ਦੁਨੀਆਂ ਦੇ ਇਤਿਹਾਸ ਵਿਚ ਸਿਰਫ ਗੁਰੂ ਦਸਮੇਸ਼ ਜੀ ਹੀ ਅਜੇਹੀ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਆਪਣੇ ਚੇਲਿਆਂ ਨੂੰ ਬਰਾਬਰ ਦਾ ਦਰਜਾ ਦਿੱਤਾ । ਆਪੇ ਗੁਰੂ ਬਣੇ ਆਪੇ ਚੇਲਾ । ਸਗੋਂ ਆਖਿਆ ਹੀ ਨਹੀਂ ਅਮਲੀ ਤੌਰ ਤੇ ਜਿਨ੍ਹਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਸੀ ਆਪ ਉਹਨਾਂ ਤੋਂ ਹੱਥ ਜੋੜਕੇ ਅੰਮ੍ਰਿਤ ਮੰਗਿਆ,ਅੰਮ੍ਰਿਤ ਲੈਕੇ 'ਗੋਬਿੰਦ ਰਾਏ' ਤੋਂ ਗੋਬਿੰਦ ਸਿੰਘ ਬਣੇ । ਖਾਲਸੇ ਨੂੰ ਗੁਰੂ ਵਿਚ ਤੇ ਗੁਰੂ ਨੂੰ ਖਾਲਸੇ ਵਿਚ ਅਭੇਦ ਕਰ ਦਿੱਤਾ । ਗੁਰੂ ਜੀ ਤਾਂ ਇਥੋਂ ਤਕ ਉੱਚੇ ਉਠ ਗਏ; ਆਖ ਦਿਤਾ ਜੋ ਮੈਨੂੰ ਪਰਮੇਸ਼ਰ ਸਮਝ ਕੇ ਮੇਰੀ ਪੂਜਾ ਕਰੇਗਾ ਉਹ


www.AKJ.Org

ਨਰਕ ਕੁੰਡ ਵਿਚ ਜਾਇਗਾ ਤੇ ਨਰਕ ਘੋਰ ਦਾ ਭਾਗੀ ਬਣੇਗਾ :—

ਜੋ ਮੋ ਕੋ ਪਰਮੇਸ਼ਰਿ ਉਚਰਹਿ ।
ਤੇ ਸਭ ਨਰਕ ਕੁੰਡ ਮਹਿ ਪਰਹਿ ।
ਮੋ ਕੋ ਦਾਸ ਤਵਨ ਕੋ ਜਾਨੋ ।
ਯਾ ਮੈਂ ਰੰਚ ਨ ਭੇਦ ਪਛਾਨੋ ।
ਮੈਂ ਹੂੰ ਪਰਮ ਪੁਰਖ ਕਾ ਦਾਸਾ ।
ਦੇਖਣ ਆਇਓ ਜਗਤ ਤਮਾਸ਼ਾ ।

(ਬਚਿਤਰ ਨਾਟਕ 'ਚੋਂ)

ਜੇ ਨਿਰਪੱਖ ਤੌਰ ਤੇ ਵਿਚਾਰਿਆ ਜਾਵੇ ਤਾਂ ਗੁਰੂ ਜੀ ਦੀ ਸ਼ਖ਼ਸੀਅਤ ਬੜੀ ਪਵਿਤਰ ਤੇ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੀ ਸੀ। ਆਪ ਮੈਦਾਨ ਦੇ ਜੋਧੇ ਸਨ, ਸਾਹਿਤ ਰਸੀਏ ਸਨ। ਬੀਰ ਰਸੀ ਰਚਨਾ ਜਿਹੋ ਜਿਹੀ ਆਪ ਨੇ ਕੀਤੀ ਉਸ ਦਾ ਕੋਈ ਟਾਕਰਾ ਨਹੀਂ ਕਰ ਸਕਦਾ। ਮੁਹੰਮਦ ਲਤੀਫ਼ ਲਿਖਦਾ ਹੈ:— ਗੁਰੂ ਗੋਬਿੰਦ ਸਿੰਘ ਤਖ਼ਤ ਉਤੇ ਬਾਦਸ਼ਾਹ, ਲੜਾਈ ਵਿਚ ਸੂਰਮਾ ਤੇ ਸਿਖ ਭਾਈਚਾਰੇ ਵਿਚ ਫ਼ਕੀਰ ਸੀ।

ਗੁਰੂ ਜੀ ਤੋਂ ਅੰਮ੍ਰਿਤ ਛਕ ਛਕ ਕੇ ਸਿੰਘਾਂ ਨੇ ਸਖ਼ਤ ਤੋਂ ਸਖ਼ਤ ਤਸੀਹਿਆਂ ਵਿਚ ਵੀ ਧਰਮ ਨਹੀਂ ਛਡਿਆ। ਅਡੋਲ ਗੁਰੂ ਜੀ ਦੀ ਸ਼ਖਸੀਅਤ ਨੇ ਅਡੋਲ ਸਿੰਘ ਪੈਦਾ ਕੀਤੇ। ਸਿਰਾਂ ਤੋਂ ਖੋਪਰ ਲੁਹਾ ਲੈਣੇ, ਬੰਦ ਬੰਦ ਕਟਵਾ ਲੈਣੇ ਕੋਈ ਘਟ ਮੁਅਜਜ਼ੇ ਨਹੀਂ ਹਨ। ਕਨਿੰਘਮ ਲਿਖਦਾ ਹੈ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਹੋਈ ਰਹਿਤ ਦਿਲ ਤੇ ਦਿਮਾਗ ਦੋਹਾਂ ਦੀ ਤਸੱਲੀ ਕਰਦੀ ਹੈ। ਇਹ ਰਹਿਤ ਭੂਤ, ਭਵਿਖਤ, ਵਰਤਮਾਨ, ਸਭਨਾਂ ਕਾਲਾਂ ਵਿਚ ਕੰਮ ਦਿੰਦਾ ਹੈ। ਆਪੇ ਗੁਰੂ ਤੇ ਆਪੇ ਚੇਲਾ ਬਣ ਕੇ ਗੁਰੂ ਜੀ ਨੇ ਮਨੁਖੀ ਸਮਾਨਤਾ ਲਿਆਂਦੀ ਅਤੇ ਪਰਜਾ ਤੰਤਰ ਦਾ ਮੁੱਢ ਬੰਨ੍ਹਿਆ।

—o—


ਸਦਾ ਯਾਦ ਰਖੋ !

## ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ।

## ਰਵੇਲ ਇਲੈਕਟ੍ਰਿਕ ਵਰਕਸ

ਚੌਕ ਰਾਘੋਮਾਜਰਾ, ਪਟਿਆਲਾ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*

*Large Sale & Less Profit is our Motto.*


www.AKJ.Org

# ਜਗੁ ਕਊਆ ਮੁਖਿ ਚੁੰਚ ਗਿਆਨੁ

ਵਲੋਂ :

ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ

*

ਉਸ ਦਾਤਾਰ ਨੇ ਜਿਥੇ ਇਸ ਸੰਸਾਰੀ ਨੂੰ "ਇਹ ਜਗ ਸਚੇ ਕੀ ਹੈ ਕੋਠੜੀ" ਦੇ ਅਨੁਸਾਰ ਸਚਾ ਘਰ ਬਨਾਇਆ ਹੈ ਉਥੇ ਮਨੁਖਾਂ ਤੇ ਹੋਰ ਜੀਵਧਾਰੀਆਂ ਦੀਆਂ ਮਨੋਵਰਤੀਆਂ ਦੂਸ਼ਤ ਹੋ ਜਾਨ ਕਰਕੇ ਮਨੁਖਾਂ ਨੇ ਆਪ ਹੀ ਆਪਣੇ ਵਾਸਤੇ, ਦਾਤਾਰ ਦੀ ਇਸ ਸੁੰਦਰ ਰਚਨਾ ਨੂੰ ਅਪਨੀ ਦ੍ਰਿਸ਼ਟੀ ਨ ਸ਼ੁਧ ਹੋਣ ਕਰਕੇ ਨ ਰਹਿਣ ਦੇ ਕਾਬਲ ਵੀ ਸਮਝਿਆ ਹੈ। ਜੋ ਕੁਝ ਮਨੁਖ ਕਰਦਾ ਹੈ ਅਪਣੀ ਵਿਚਾਰ-ਧਾਰਾ ਦੇ ਅਧੀਨ ਹੋ ਕੇ ਕਰਦਾ ਹੈ ਤੇ ਉਸ ਚੀਜ਼ ਬਾਰੇ ਜਿਸ ਕਿਸਮ ਦਾ ਵਿਚਾਰ ਅਪਣੇ ਮਨ ਅੰਦਰ ਬਿਠਾ ਲੈਂਦਾ ਹੈ ਉਹ ਵੀ ਅਪਣੀ ਅੰਦ੍ਰਲੀ ਬ੍ਰਿਤੀ, ਸੋਚ ਤੇ ਮਾਇਆ ਦੇ ਨਾਲ ਲਤ-ਪਤ ਅਕਲ ਦਾ ਬਣਾਇਆ ਹੋਇਆ ਹੁੰਦਾ ਹੈ। ਹਰੇਰ ਆਦਮੀ ਦੀ ਸੋਚਨ ਸ਼ਕਤੀ ਤੇ ਉਸਦੀ ਸੋਚਨ ਵਿਧੀ ਅਲਗ ਅਲਗ ਹੁੰਦੀ ਹੈ। ਬਹੁਤਾ ਇਹ ਦੇਖਿਆ ਗਿਆ ਹੈ ਕਿ ਹਰੇਕ ਮਨੁਖ ਆਪਣੇ ਆਪ ਨੂੰ ਸੇਰ ਹੀ ਦਸਦਾ ਹੈ ਪਾ ਨਹੀਂ ਦਸਦਾ। ਜਿਤਨੀ ਵੀ ਅਕਲ, ਧਨ, ਸ਼ਕਤੀ ਦਾ ਉਹ ਮਾਲਕ ਹੁੰਦਾ ਹੈ ਉਸ ਤੋਂ ਵਧ ਹੀ ਉਹ ਲੋਕਾਂ ਅਗੇ ਪੇਸ਼ ਕਰਦਾ ਹੈ। ਆਮ ਦੁਨੀਆਂਦਾਰ ਇਸ ਚਕਰ ਵਿਚ ਆਕੇ ਧੋਖਾ ਖਾ ਜਾਂਦੇ ਹਨ ਤੇ ਕੁਝ ਸਮਾਂ ਪਾਕੇ ਉਨ੍ਹਾਂ ਦੀ ਕਊਏ ਵਾਲੀ ਕਾਂ ਕਾਂ ਦੁਨੀਆਂ ਨੂੰ ਚੰਗੀ ਨਹੀਂ ਲਗਦੀ ਤੇ ਉਹ ਬਦਨਾਮ ਹੋ ਜਾਂਦੇ ਹਨ। ਠੀਕ ਇਸੇ ਪ੍ਰਕਾਰ ਹੀ ਹਰੇਕ ਧਰਮ ਦੇ ਪਰਚਾਰਕਾਂ ਤੇ ਹੋਰਨਾਂ ਮੋਢੀਆਂ ਦੀ ਵੀ ਦਸ਼ਾ ਹੁੰਦੀ ਹੈ। ਰਬ ਦਾ ਭੈਅ ਦਿਲ ਵਿਚੋਂ ਕਢ ਦੇਣ ਕਰਕੇ ਉਹ ਧੜਾ ਧੜ, ਕੋਰਾ ਝੂਠ ਬੋਲ ਕੇ ਅਪਣੀ ਵਡਿਆਈ ਲੋਕਾਂ ਕੋਲੋਂ ਕਰਾਉਂਦੇ ਹਨ ਪਰ ਜਦੋਂ ਢੋਲ ਦੇ ਪੋਲ ਦਾ ਪਤਾ ਲਗ ਜਾਂਦਾ ਹੈ ਉਦੋਂ ਉਹ ਸ਼ਰਮਿੰਦਾ ਹੋ ਕੇ ਇਕ ਝੂਠ ਨੂੰ ਛਪਾਉਣ ਲਈ ਦਸ ਝੂਠ ਹੋਰ ਘੜ ਲੈਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਅੰਦਰਲਾ ਮਨ ਹੋਰ ਕਾਲਾ ਹੁੰਦਾ ਜਾਂਦਾ ਹੈ ਤੇ ਉਹ ਫੇਰ ਅਪਣੇ ਚੁੰਚ-ਗਿਆਨ ਨੂੰ ਨਹੀਂ ਛਡਦੇ। ਝੂਠ ਬੋਲਣਾ ਉਨਾਂ ਨੂੰ ਮਿਠਾ ਲਗਦਾ ਹੈ ਤੇ ਉਹ ਅੰਤ ਵਿਚ ਅਪਣੇ ਆਪ ਨੂੰ ਗੁੜ-ਲਿਬੜੀ ਮਖੀ ਵਾਂਙੂ ਫਸਿਆ ਹੋਇਆ ਦੇਖਦੇ ਹਨ। ਬਦਨਾਮੀ, ਸ਼ਰਮਿੰਦਗੀ ਤੇ ਘਰ ਘਰ ਦੀ ਧਤਕਾਰ ਤੋਂ ਸਿਵਾ ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ। ਦੁਨੀਆਦਾਰਾਂ ਦੀ ਇਸੇ ਬੀਮਾਰੀ ਨੂੰ ਵਧਦਾ ਦੇਖਕੇ ਤੇ ਸਮਝਾਉਣ ਲਈ ਫੁਰਮਾਨ ਹੈ :–

ਜਗੁ ਕਊਆ ਮੁਖਿ ਚੁੰਚ ਗਿਆਨੁ।
ਅੰਤਰਿ ਲੋਭੁ ਝੂਠੁ ਅਭਿਮਾਨੁ।

ਥੋਥਾ ਗਿਆਨ ਗੁਮਰਾਹ ਕਰਦਾ ਹੈ ਤੇ ਉਸਦੇ ਮੰਨਣ ਕਰਕੇ ਲੋਭ, ਝੂਠ ਤੇ ਅੰਧਕਾਰ ਜੈਸੇ ਅਵਗੁਨ ਮਨੁਖ ਵਿਚ ਘਰ ਕਰ ਜਾਂਦੇ ਹਨ। ਝੂਠਾ ਗਿਆਨ ਪਰਚਾਰਕ ਮਾਨ ਪਰਤਿਸ਼ਟਾ ਨਹੀਂ ਪ੍ਰਾਪਤ ਕਰ ਸਕਦਾ ਤੇ–

ਝੂਠੇ ਕਉ ਨਾਹੀ ਪਤਿ ਨਾਉ।
ਕਬਹੁ ਨ ਸੂਚਾ ਕਾਲਾ ਕਾਉ।

ਸਪਸ਼ਟ ਹੈ ਕਿ ਗੁਰਮਤਿ ਐਸੇ ਚੁੰਚ ਗਿਆਨ ਨੂੰ ਨਹੀਂ ਕਬੂਲਦੀ। ਕਿਉਂ-ਜੋ 'ਸਚੇ ਕੀ ਕੋਠੜੀ' ਵਿਚ ਝੂਠ, ਫਰੇਬ ਤੇ ਪਰਪੰਚੀ ਦਾ ਪਸਾਰਾ ਜਾਇਜ਼ ਨਹੀਂ। ਮਨੁਖ ਦੇ ਮਨ ਨੂੰ ਇਹ ਗੁਮਰਾਹ ਕਰਨ ਵਾਲਾ ਗਿਆਨ, ਅਗਿਆਨ ਦੇ ਅੰਧਕਾਰ ਵਿਚ ਸੁਣ ਕੇ ਲੋਕ ਪਰਲੋਕ ਵਾਸਤੇ ਨਾਕਾਰਾ ਬਣਾਉਂਦਾ ਹੈ।



www.AKJ.Org

ਇਹ ਕੁਦਰਤੀ ਗਲ ਹੈ ਬੁਰਾਈ ਦਾ ਅਸਰ ਮਨੁਖ ਤੇ ਛੇਤੀ ਹੁੰਦਾ ਹੈ ਮਨੁਖ ਦਾ ਝੁਕਾਅ ਬੁਰਾਈ ਵਲ ਭਲਾਈ ਦੇ ਮੁਕਾਬਲੇ ਤੇ ਛੇਤੀ ਰੁਚੀ ਕਰ ਹੁੰਦਾ ਹੈ। ਫੁਰਮਾਨ ਹੈ :—

ਆਪਿ ਨ ਬੂਝੈ ਲੋਕ ਬੁਝਾਵੈ।
ਮਨ ਕਾ ਅੰਧਾ ਅੰਧੁ ਕਮਾਵੈ।
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ।

ਐਸਾ ਮਨੁਖ ਉਸ ਦਾਤੇ ਦੇ ਦਰਬਾਰ ਤੋਂ ਸਿਵਾਇ ਫਿਟਕਾਰ ਤੇ ਸ਼ਰਮਿੰਦਗੀ ਤੇ ਹੋਰ ਕੁਝ ਨਹੀਂ ਪ੍ਰਾਪਤ ਕਰ ਸਕਦਾ। ਸੰਸਾਰ ਦੀ ਚਾਲ ਇਹ ਹੈ ਕਿ ਕਿਸੇ ਵਿਰਲੇ ਭੈ, ਭਾਉ ਵਾਲੇ ਗੁਰਮੁਖ ਨੂੰ ਛਡ ਕੇ ਸਾਰਾ ਸੰਸਾਰ ਹੀ ਤੱਤ ਨੂੰ ਨਹੀਂ ਪਹਿਚਾਨਦਾ। ਗੁਰਬਾਣੀ ਵਿਚ ਫੁਰਮਾਨ ਹੈ :—

ਕਹਨ ਕਹਾਵਨ ਕਉ ਕਈ ਕੇਤੈ।
ਐਸੋ ਜਨੁ ਬਿਰਲੋ ਹੈ ਸੇਵਕੁ
ਜੋ ਤਤ ਜੋਗ ਕਉ ਬੇਤੈ।

ਮਨੋਵਿਗਿਆਨ ਦਾ ਇਕ ਕਾਨੂੰਨ ਹੈ ਕਿ ਮਨੁਖ ਕਿਸੇ ਤਰ੍ਹਾਂ, ਕਿਸੇ ਹਾਲਤ ਵਿਚ ਤੇ ਕਿਸੇ ਵੀ ਵਾਤਾਵਰਨ ਵਿਚ ਆਪਣੇ ਮਨ ਦੇ ਵਿਚਾਰ, ਫੁਰਨੇ ਤੇ ਜਜ਼ਬਿਆਂ ਨੂੰ ਛੁਪਾਕੇ ਨਹੀਂ ਰਖ ਸਕਦਾ। ਕੋਈ ਨ ਕੋਈ ਐਸਾ ਮੌਕਾ ਆ ਹੀ ਜਾਂਦਾ ਹੈ ਜਦੋਂ ਉਹ ਅਪਣੇ ਦਿਲ ਦੀ ਗਲ ਦੂਜਿਆਂ ਅਗੇ ਪਰਗਟ ਕਰ ਦੇਂਦਾ ਹੈ।

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ।

ਚੂਕਿ ਮਨੁਖ ਦੀ ਕਥਨੀ ਤੇ ਕਰਨੀ ਇਕੋ ਜੇਹੀਆਂ ਨਹੀਂ ਹੁੰਦੀਆਂ ਇਸ ਵਾਸਤੇ ਚੁੰਚ ਗਿਆਨ ਪਾਣੀ ਦੇ ਬਿਲਾਉਣ ਦੇ ਸਮਾਨ ਹੈ ਜਿਸ ਦਾ ਨਤੀਜਾ ਕੁਝ ਨਹੀਂ ਹੁੰਦਾ। ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਲੋਕ ਕਿਉਂ ਐਸਾ ਗਿਆਨ ਪਸੰਦ ਕਰਦੇ ਤੇ ਸੁਨਦੇ ਤੇ ਕਰਦੇ ਹਨ? ਇਸ ਦਾ ਕਾਰਨ ਇਹ ਹੈ ਕਿ ਮਨੁਖ ਜਦੋਂ ਵੀ ਮਾਰ ਖਾਂਦਾ ਹੈ ਧਰਮ ਦੀ ਆੜ ਵਿਚ ਹੀ ਮਾਰ ਖਾਂਦਾ ਹੈ। ਲੋਕਾਂ ਨੇ ਧਰਮ ਨੂੰ ਵਪਾਰ ਸਮਝ ਕੇ ਦੁਕਾਨਦਾਰੀਆਂ ਦੀ ਸ਼ਕਲ ਦੇ ਦਿਤੀ ਹੋਈ ਹੈ ਇਹ ਹੀ ਕਾਰਨ ਹੈ ਕਿ ਅਜ ਕਲ ਦਾ ਬਾਲਕ ਵੀ ਧਰਮ ਦੀਆਂ ਗਲਾਂ ਯਾ ਨਿਯਮਾਂ ਤੇ ਸਵਾਲ ਹੀ ਸਵਾਲ ਕਰਦਾ ਹੈ। ਕਹਿਣ ਵਾਲਿਆਂ ਦੀ ਕਰਨੀ ਤੇ ਕਥਨੀ ਭਿੰਨ ਭਿੰਨ ਹੁੰਦੀ ਹੈ ਇਸ ਵਾਸਤੇ ਇਕ ਛੋਟਾ ਜੇਹਾ ਦਿਮਾਗ ਵੀ ਐਸੇ ਮਨੁਖਾਂ ਦੇ ਬਚਨ ਤੇ ਪੜਚੋਲ ਹੀ ਕਰਦਾ ਹੈ। ਇਹਨਾਂ ਸਾਰੀਆਂ ਗਲਾਂ ਦਾ ਕਾਰਨ ਮਨੁਖ ਦਾ ਚੁੰਚ ਗਿਆਨ ਹੈ। ਪਿਛਲੇ ਜ਼ਮਾਨੇ ਦੇ ਲੋਕ ਭੋਲੇ ਭਾਲੇ ਹੁੰਦੇ ਸਨ ਸਾਧਾਰਨ ਮਨ ਨਾਲ ਹਰੇਕ ਗਲ ਤੇ ਇਤਬਾਰ ਕਰ ਲੈਂਦੇ ਸਨ ਪਰ ਜਦੋਂ ਥੋਥਾ ਗਿਆਨ ਵਧਦਾ ਗਿਆ। ਹਰੇਕ ਮਨੁਖ ਬੱਚਾ ਤੇ ਜਵਾਨ 'ਕਿਉਂ ਅਤੇ ਕੈਸੇ' ਕਰਨ ਲਗ ਗਿਆ। ਸੋ ਇਕ ਐਸਾ ਮਨੁਖ ਜੇਹੜਾ ਚਾਰ ਦਿਨ ਗੁਰਦਵਾਰੇ ਜਾਕੇ ਅਖਾਂ ਮੀਟ ਕੇ ਬੈਠ ਜਾਏ, ਯਾ ਆਪਣੀ ਕਥਨੀ ਨਾਲ ਲੋਕਾਂ ਨੂੰ ਪ੍ਰਭਾਵਤ ਕਰ ਲਵੇ, ਉਸ ਨੂੰ ਰੱਬ ਤੋਂ ਡਰਨ ਵਾਲੇ ਲੋਗ ਸਚਾ ਤੇ ਰਹਿਨੁਮਾ ਸਮਝਣ ਲਗ ਪੈਂਦੇ ਹਨ ਤੇ ਫਿਰ ਉਸ ਦੇ ਚੁੰਚ ਗਿਆਨ ਦੇ ਜਾਲ ਵਿਚ ਫਸ ਕੇ ਆਪਣੇ ਲਈ ਮੁਸੀਬਤਾਂ ਸਹੇੜ ਲੈਂਦੇ ਹਨ।

ਐਸਾ ਕਰਨਾ ਠੀਕ ਨਹੀਂ, ਗੁਰਮਤਿ ਦੇ ਖਿਲਾਫ਼ ਹੈ। ਸਚ ਬੜੀ ਚੰਗੀ ਚੀਜ਼ ਹੈ, ਸਚ ਕੌੜਾ ਹੁੰਦਾ ਹੈ ਪਰ ਇਸ ਦਾ ਫਲ ਮਿੱਠਾ ਹੁੰਦਾ ਹੈ। ਝੂਠ ਬੜਾ ਹੀ ਮਿੱਠਾ ਹੁੰਦਾ ਹੈ ਪਰ ਇਸ ਦਾ ਫਲ ਬਹੁਤ ਹੀ ਕੌੜਾ ਹੁੰਦਾ ਹੈ। ਚੁੰਚ ਗਿਆਨੀਆਂ ਦੀ ਦਸ਼ਾ ਬਾਰੇ ਹੁਕਮਨਾਮਾ ਹੈ :—

ਜਗੁ ਕਊਆ ਨਾਮੁ ਨਹੀ ਚੀਤਿ।
ਨਾਮੁ ਬਿਸਾਰਿ ਗਿਰੈ ਦੇਖੁ ਭੀਤਿ।
ਮਨੂਆ ਡੋਲੈ ਚੀਤਿ ਅਨੀਤਿ।
ਜਗ ਸਿਉ ਤੂਟੀ ਝੂਠ ਪਰੀਤਿ।

ਜੇ ਕੋਈ ਰੱਬ ਦੀ ਭਗਤੀ ਕਰਨ ਵਾਲਾ ਵੀ ਅਹੰਕਾਰੀ ਬਣ ਕੇ ਆਪਣਾ ਮਨ-ਘੜਤ ਗਿਆਨ ਪਰਚਾਰੇ ਤੇ ਲੋਕਾਂ ਨੂੰ ਗੁਮਰਾਹ ਕਰੇ ਉਹ ਵੀ ਆਪਣਾ ਜਨਮ ਜੂਏ ਵਿਚ ਹਾਰ ਜਾਏਗਾ।

ਕਹਿ ਕਹਿ ਕਹਣੁ ਆਪੁ ਜਾਣਾਏ।
ਬਿਰਥੀ ਭਗਤਿ ਸਭੁ ਜਨਮੁ ਗਵਾਏ।

ਉਸਦੀ ਕੇਵਲ ਭਗਤੀ ਹੀ ਬੇਕਾਰ ਨਹੀਂ ਜਾਂਦੀ ਉਸਨੂੰ ਸਚੀ ਕਚੈਹਰੀ ਵਿਚੋਂ ਸਜ਼ਾ ਵੀ ਮਿਲਦੀ ਹੈ ਕਿਉਂ ਜੋ



www.AKJ.Org

ਦੁਨੀਆਂਦਾਰਾਂ ਨੂੰ ਗੁਮਰਾਹ ਕਰਨਾ ਆਚਰਨਕ ਕੋਡ ਵਿਚ ਹੀ ਜੁਰਮ ਹੈ, ਪਰੰਤੂ ਵਾਹਿਗੁਰੂ ਦੇ ਦਰਬਾਰ ਵਿਚ ਵੀ ਉਸਨੂੰ ਸਜ਼ਾ ਦੀ ਮਾਫ਼ੀ ਨਹੀਂ ਹੋ ਸਕਦੀ, ਤੇ

ਅਵਰ ਉਪਦੇਸੈ ਆਪਿ ਨ ਕਰੈ ।
ਆਵਤ ਜਾਵਤ ਜਨਮੈ ਮਰੈ ।

ਦੇ ਮੁਤਾਬਿਕ ਉਸ ਨੂੰ ਆਵਾਗਉਣ ਵਿਚ ਭੌਣਾ ਪਵੇਗਾ ।

ਸੁਖਮਨੀ ਸਾਹਿਬ ਵਿਚ ਪੰਚਮ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ ਕਿ ਜੋ ਮਨੁਖ ਆਪ ਗੁਰੂ ਉਪਦੇਸ਼ ਨੂੰ ਨਾ ਕਮਾਏ ਤੇ ਦੂਜਿਆਂ ਨੂੰ ਕਮਾਉਣ ਲਈ ਪਕਿਆਂ ਕਰੇ ਉਹ ਸਜ਼ਾ ਦਾ ਹਕਦਾਰ ਹੈ ਅਤੇ ਉਸ ਲਈ ਜੰਮਣ ਮਰਨ ਦਾ ਚੱਕਰ ਤੇ ਤਕਲੀਫ਼ ਖ਼ਤਮ ਨਹੀਂ ਹੋ ਸਕਦੀ ।

ਅਵਰ ਉਪਦੇਸੈ ਆਪਿ ਨ ਕਰੈ ।
ਆਵਤ ਜਾਵਤ ਜਨਮੈ ਮਰੈ ।

ਤੋਂ ਸਪਸ਼ਟ ਹੈ ਥੋਥਾ ਗਿਆਨ ਤੇ ਅਵਰ ਉਪਦੇਸ਼ਨ ਤੇ ਆਪ ਨ ਕਰਨ ਦੀ ਪਾਲਿਸੀ ਗੁਰਸਿਖ ਲਈ ਉਸ ਦੇ ਵਿਨਾਸ਼ ਦਾ ਕਾਰਨ ਹੈ । 'ਮੁਹਿ ਚਲੈ ਸੁ ਅਗੈ ਮਾਰੀਐ' ਵੀ ਐਸੀ ਹੀ ਵਾਰਨਿੰਗ ਗੁਰਸਿਖ ਲਈ ਹੈ । ਸੋ ਗੁਰਬਾਣੀ ਵੀ ਹਰ ਐਸੇ ਮਨੁਖ ਲਈ, ਜੋਹੜਾ ਆਪ ਅਮਲ ਨ ਕਰੇ ਤੇ ਦੂਜਿਆਂ ਨੂੰ ਅਮਲ ਕਰਨ ਲਈ ਜ਼ੋਰ ਲਗਾਏ, ਜ਼ਬਰਦਸਤ ਵਾਰਨਿੰਗ ਦੇਂਦੀ ਹੈ । ਰਾਮਕਲੀ ਮ: ੫ ਵਿਚ ਫ਼ੁਰਮਾਇਆ ਹੈ—

ਮੁਖ ਤੇ ਪੜਤਾ ਟੀਕਾ ਸਹਿਤ ।
ਹਿਰਦੈ ਰਾਮੁ ਨਹੀ ਪੂਰਨ ਰਹਤ ।
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ।
ਅਪਨਾ ਕਹਿਆ ਆਪਿ ਨ ਕਮਾਵੈ ।

... ... ... ...

ਅਖ਼ੀਰ ਵਿਚ ਕਿਹਾ ਹੈ ਕਿ ਐਸਾ ਮਨੁਖ ਬੜੀ ਕੜੀ ਸਜ਼ਾ ਪਾਏਗਾ ਤੇ ਨਰਕਾਂ ਦਾ ਅਧਿਕਾਰੀ ਬਣੇਗਾ ।

ਹੋਰ ਅਨੇਕਾਂ ਥਾਵਾਂ ਤੇ ਗੁਰਬਾਣੀ ਮਨੁਖ ਨੂੰ ਹਦਾਇਤ ਕਰਦੀ ਹੈ ਕਿ ਕਹਿਣੀ ਤੇ ਕਰਨੀ ਵਿਚ ਫ਼ਰਕ ਹੋਣਾ, ਮਨੁਖ ਲਈ ਉਸ ਦੇ ਆਪਣੇ ਵਾਸਤੇ ਇਕ ਬੜਾ ਪਾਪ ਹੈ ਤੇ ਗੁਰਮਤਿ ਇਸ ਨੂੰ ਕਦੀ ਵੀ ਸਲਾਹੁਣ ਲਈ ਤਿਆਰ ਨਹੀਂ । ਇਹ ਤਾਂ 'ਬੀਜੇ ਬਿਖੁ ਮੰਗੈ ਅੰਮ੍ਰਿਤੁ' ਵਾਲਾ ਮਾਮਲਾ ਹੈ । ਕਰਮ ਕੁਝ ਕਰਨਾ ਤੇ ਉਹਨਾਂ ਦਾ ਫਲ ਕੁਝ ਮੰਗਣਾ । ਐਸਾ ਤਾਂ ਗੁਰਮਤਿ ਵਿਚ ਪਰਵਾਨ ਨਹੀਂ ।

ਫ਼ਰਮਾਨ ਹੈ ਕਿ :—

ਕਬੀਰਿ ਧਿਆਇਓ ਏਕ ਰੰਗ ।
ਨਾਮਦੇਵ ਹਰਿ ਜੀਉ ਬਸਹਿ ਸੰਗਿ ।
ਰਵਿਦਾਸ ਧਿਆਏ ਪ੍ਰਭ ਅਨੂਪ ।
ਗੁਰ ਨਾਨਕ ਦੇਵ ਗੋਬਿੰਦ ਰੂਪ ।

ਜਦੋਂ ਤਕ ਵੀ ਉਪਦੇਸ਼ ਕਰਤਾ ਆਪ ਅਮਲੀ ਤੌਰ ਤੇ ਉਪਦੇਸ਼ ਦੀ ਕਮਾਈ ਨਹੀਂ ਕਰੇਗਾ । ਵਡੇ ਵਡੇ ਭਗਤਾਂ ਨੇ ਪਹਿਲੇ ਆਪ ਕਮ ਈ ਕੀਤੀ ਫੇਰ ਉਹੀ ਉਪਦੇਸ ਉਹਨਾਂ ਨੇ ਲੋਕਾਂ ਨੂੰ ਦਿਤੇ ਤੇ ਉਹਨਾਂ ਦਾ ਅਸਰ ਲੋਕਾਂ ਤੇ ਪਿਆ ।

ਸੋ 'ਮੂਰਖ ਅੰਧਿਆ ਅੰਧੀ ਧਾਤੁ । ਕਹਿ ਕਹਿ ਕਹਨੁ ਕਹਾਇਨਿ ਆਪੁ ।' ਦੇ ਮੁਤਾਬਕ ਕੇਵਲ ਕਹਿਣੀ ਇਕ ਭਾਰੀ ਜੁਰਮ ਹੈ । ਕਰਨੀ ਹੀ ਪਰਵਾਨ ਹੈ ।

ਨਤੀਜਾ ਇਹ ਨਿਕਲਿਆ ਕਿ ਚੁੰਚ ਗਿਆਨ ਮਨੁਖ ਲਈ ਹਾਨੀਕਾਰਕ ਹੈ ਤੇ ਉਸ ਕਊਏ ਦੇ ਸਮਾਨ ਹੈ ਜਿਸ ਦੀ ਆਵਾਜ਼ ਨਾ-ਪਸੰਦ ਤੇ ਮੂੰਹ ਗੰਦਗੀ ਨਾਲ ਭਰਿਆ ਹੋਇਆ ਹੈ । ਜਿਸ ਤਰ੍ਹਾਂ ਐਸੇ ਕਊਏ ਨੂੰ ਲੋਕ ਫਿਟਕਾਰਦੇ ਹਨ ਠੀਕ ਇਸੇ ਪਰਕਾਰ ਐਸੇ ਮਨੁਖ ਦੀ ਲੋਕ ਪਰਵਾਹ ਨਹੀਂ ਕਰਨਗੇ ਤੇ ਉਸ ਦੀ ਦਸ਼ਾ ਗੰਦੇ ਕਊਏ ਵਾਂਗੂ ਘਿਰਣਾਯੋਗ ਹੀ ਰਹੇਗੀ ।

ਆਤਮਕ ਤੌਰ ਤੇ ਇਹ ਇਕ ਆਤਮਕ ਘਾਟਾ ਹੈ ਕਿ ਅੰਦਰੋਂ ਆਪ ਤੇ ਦੋਸ਼ੀ ਹੋਵੇ ਤੇ ਦੂਜਿਆਂ ਨੂੰ ਉਪਦੇਸ਼ ਕਰੇ । ਗੁਰਸਿਖ ਲਈ ਇਸ ਤੋਂ ਦੂਰ ਰਹਿਣਾ ਹੀ ਠੀਕ ਹੈ ਕੇਵਲ ਐਸੀ ਹੀ ਦਸ਼ਾ ਵਿਚ 'ਮਨ ਖਿੜਿਆ ਹਰਿਆ ਬਾਗ' ਦੀ ਦਸ਼ਾ ਗੁਰਸਿਖ ਤੇ ਆ ਸਕਦੀ ਹੈ ਕਿ ਉਸ ਦੀ ਕਥਨੀ ਤੇ ਕਰਨੀ ਦੋਵੇਂ ਇਕਸਾਰ ਹੋਣ ।

———



www.AKJ.Org

# ਕੈਂਚੀ ਤੇ ਸੂਈ

ਵਲੋਂ :

ਭਾਈ ਦੇਵਾ ਸਿੰਘ ਜੀ, 'ਕਿਰਤੀ' ਅੰਮ੍ਰਿਤਸਰ

*

ਜਦ ਕਿਸੇ ਲੜਕੀ ਦੀ ਸ਼ਾਦੀ ਵਾਸਤੇ ਕੋਈ ਗਲ ਕਰਦਾ ਹੈ ਤਾਂ ਪੁਛਿਆ ਤੇ ਦਸਿਆ ਜਾਂਦਾ ਹੈ, ਜੀ ਬੀਬੀ ਸੀਣਾ ਪਰੋਣਾ ਚੰਗੀ ਤਰ੍ਹਾਂ ਜਾਣਦੀ ਹੈ। ਇਹ ਇਕ ਭੇਤ ਵਾਲੀ ਗਲ ਹੈ। ਕਦੇ ਕਿਸੇ ਨੇ ਇਹ ਨਹੀਂ ਆਖਿਆ ਜੀ ਬੀਬੀ ਕਟਣਾ, ਕਟਾਣਾ ਚੰਗਾ ਜਾਣਦੀ ਹੈ। ਹਾਲਾਂ ਕਟਣ ਵਾਲੀ ਕੈਂਚੀ ਵਡੀ ਤੇ ਸੀਉਣ ਵਾਲੀ ਸੂਈ ਛੋਟੀ ਤੋਂ ਛੋਟੀ ਹੁੰਦੀ ਹੈ, ਪਰ ਵਡਿਆਈ ਸੀਣ ਪਰੋਣ ਨੂੰ ਦਿਤੀ ਗਈ ਹੈ।

ਕਪੜਾ ਭਾਵੇਂ ਪੰਜਾਹ ਰੁਪੈ ਗਜ਼ ਦਾ ਕੇਡਾ ਵੀ ਚੰਗਾ ਹੋਵੇ ਕੈਂਚੀ ਵਾਸਤੇ ਕਟ ਕਟ ਕੇ ਟੋਟੇ ਟੋਟੇ ਕਰ ਦੇਣ ਵਿਚ ਕੋਈ ਤਰਸ ਨਹੀਂ। ਇਸੇ ਤਰ੍ਹਾਂ ਪ੍ਰਵਾਰ ਭਾਵੇਂ ਕੇਡਾ ਚੰਗੇ ਤੋਂ ਚੰਗਾ ਗੁਰਮੁਖ ਹੋਵੇ ਤੇ ਪਿਆਰ ਦੀਆਂ ਤਾਰਾਂ ਨਾਲ ਉਣਿਆਂ ਹੋਵੇ ਰੇਸ਼ਮੀ ਕਪੜੇ ਵਾਂਗ ਜੇਕਰ ਇਸਤਰੀ ਕੈਂਚੀ ਬਣ ਕੇ ਕਟਣਾ ਚਾਹੇ ਤਾਂ ਵੇਂਹਦੇ ਵੇਂਹਦਿਆਂ ਮਰਦ ਨੂੰ ਗਜ਼ ਵਰਗਾ ਸਿਧਾ ਤੀਰ ਕਰਕੇ ਆਪਣੇ ਅਗੇ ਲਾ ਕੇ ਮਿਣ ਮਿਣ ਕੇ, ਭਰਾ ਭਰਾਵਾਂ ਹਥੋਂ, ਮਾਂ ਪੁਤਰਾਂ ਹਥੋਂ, ਭੈਣ ਵੀਰਾਂ ਹਥੋਂ ਮਰਵਾ ਸਕਦੀ ਹੈ। ਇਕ ਛਿਨ ਦੇ ਵਿਚ ਭਾਵੇਂ ਉਹ ਰੁਲ ਜਾਣ ਭਾਵੇਂ ਲੀਰੋ ਲੀਰ ਹੋ ਕੇ। ਜਿਸ ਤੇ ਲੋਕ ਇਹ ਆਖ ਸਕਣ:—

ਆਉਣ ਪ੍ਰਾਈਆਂ ਜਾਈਆਂ।
ਨਿਖੇੜਨ ਸਕਿਆਂ ਭਾਈਆਂ।

ਜਾਂ ਕਿਸੇ ਵਰਤ ਵੇਲੇ ਕਥਾ ਸੁਨਾਉਣ ਉਸ ਵੀਰ ਦੀ ਜਿਸ ਨੇ ਭੈਣ ਦੇ ਖੂਨ ਨਾਲ ਸਾਲੂ ਰੰਗਿਆ ਸੀ ਆਪਣੀ ਇਸਤਰੀ ਵਾਸਤੇ ਤੇ ਗਾਵਣਾ ਪੈ ਜਾਏ—

ਰਾਜਾ ਅੰਬ ਨਾ ਤੋੜ, ਰਾਜਾ ਅੰਬ ਨਾ ਤੋੜ
ਸਕੇ ਵੀਰੇ ਭੈਣ ਮਾਰੀ, ਭਾਬੀ ਲਿਆ ਸਾਲੂ ਡੋਬ।

ਪਰ ਉਸੇ ਧਾਰ ਦੀ ਬਣੀ ਹੋਈ ਸੂਈ, ਹੈ ਤਾਂ ਛੋਟੀ ਕਰ ਦਿੰਦੀ ਹੈ ਕਮਾਲ ਉਸ ਵੇਲੇ ਜਦੋਂ ਕਾਤਰਾਂ ਟੋਟੇ ਟੋਟੇ ਹੋਇਆ ਕਪੜਾ ਸੀਉਂ ਦੇਂਦੀ ਹੈ। ਸੋਹਣਾ ਕੁੜਤਾ ਤੇੜ ਪਾ ਦੇਂਦੀ ਹੈ ਨੰਗੇ ਧੜੰਗੇ ਬੇ-ਪਤ ਹੋਏ ਹੋਏ ਪਰਵਾਰ ਦੇ ਗਲ।

ਭਾਵੇਂ ਇਹ ਸੂਈ ਇਕੱਲੀ ਕੁਝ ਨਹੀਂ ਕਰ ਸਕਦੀ ਬਿਨਾਂ ਧਾਗੇ ਦੇ ਇਹ ਸਿਆਣੀ ਹੈ। ਇਸ ਦੇ ਮਰਦ ਨੂੰ ਧਾਗਾ ਬਣਾ ਕੇ ਆਪਣੇ ਮਗਰ ਲਾਇਆ ਹੈ ਤੇ ਪਰੋ ਦਿਤੇ ਸਾਰੇ ਮੋਤੀ ਮਾਲਾ ਦੇ ਫੁਲ ਫੁਲ ਨੂੰ ਕਠਾ ਕਰਕੇ ਬਣਾ ਦਿਤਾ ਹੈ ਸੋਹਣਾ ਹਾਰ ਗਲੇ ਪਾਣ ਨੂੰ ਪਰਵਾਰ ਦੇ। ਏਥੇ ਬਸ ਨਹੀਂ ਸਗੋਂ ਸੇਹਰਾ ਬਣਾ ਕੇ ਧਰ ਦਿਤਾ ਹੈ ਮਰਦ ਦੇ ਸਿਰ ਤੇ। ਇਸ ਨਿੱਕੀ ਜਿਹੀ ਸੂਈ ਨੇ ਮਦਦ ਲੈ ਕੇ ਇਸੇ ਮਨੁਖ ਦੀ ਧਾਗਾ ਬਣਾ ਕੇ।

ਕੈਂਚੀ ਇਕੱਲੀ ਨੇ ਕੱਟ ਛਡਿਆ ਸੀ, ਹੁਣ ਸੂਈ ਤੇ ਧਾਗੇ ਨੇ ਮਿਲਕੇ ਕਰ ਦਿਤਾ ਹੈ, ਪੂਰਾ ਫ਼ਰਜ਼ ਆਪਣਾ ਜੋ ਹੋ ਗਏ ਨੇ ਸੁਰਖਰੂ ਲੋਕ ਤੇ ਪ੍ਰਲੋਕ ਵਿਚ ਤੇ ਸਫਲਾ ਹੋਇਆ ਹੈ ਜੀਵਨ ਦੋਹਾਂ ਦਾ।

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।

ਏਥੇ ਬੜੇ ਭੇਤ ਵਾਲੀ ਗਲ ਹੈ ਜੋ ਦਰਜ਼ੀ ਕੈਂਚੀ ਨੂੰ ਤਾਂ ਭਾਵੇਂ ਪੈਰਾਂ ਵਿਚ ਪਿਆ ਰਹਿਣ ਦੇ ਪਰ ਸੂਈ ਨੂੰ ਆਪਣੀ ਪੱਗ ਵਿਚ ਟੁੰਗ ਲੈਂਦਾ ਏਹ ਹੈ ਸਤਿਕਾਰ ਓਸ ਦੀ ਚੰਗਿਆਈ ਦਾ ਜਿਸ ਸਿਆਣੀ ਨੇ ਆਪਣੇ ਨਾਲ ਹੀ ਧਾਗਾ ਵੀ ਚੜ੍ਹਾ ਦਿਤਾ ਹੈ ਸਿਰ ਤੇ ਦਰਜ਼ੀ ਦੇ ਤੇ ਓਧਰ ਮਾਨ-ਮੱਤੀ ਕੈਂਚੀ ਆਪ ਤਾਂ ਪੈਰਾਂ ਵਿਚ ਰੁਲਦੀ ਸੀ ਪਰ ਨਾਲ ਹੀ ਪੱਤ ਗਵਾ ਛਡੀ ਹੈ ਆਪਣੇ ਪਤੀ ਗਜ਼ ਦੀ, ਵਿਚਾਰਾ ਪਿਆ ਰੁਲਦਾ ਹੈ ਨਾਲ ਓਸੇ ਤਰ੍ਹਾਂ ਓਸ ਕੁਲੱਖਣੀ ਇਸਤਰੀ ਰੂਪ ਕੈਂਚੀ ਦ।



www.AKJ.Org




ਮਾਨਯੋਗ ਐਡੀਟਰ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।।

20 ਸਤੰਬਰ ਦੇ 'ਸੂਰਾ' ਵਿਚ ਗੁਰੂ ਕੇ ਲਾਲ ਸ੍ਰਦਾਰ ਨਰਿੰਦਰ ਬੀਰ ਸਿੰਘ ਦੀ ਕਲਮ ਤੋਂ ਲਿਖਿਆ ਹੋਇਆ ਆਰਟੀਕਲ 'ਇਹ ਕੀ ?' ਦੇ ਸਿਰਲੇਖ ਹੇਠ ਪੜ੍ਹਿਆ ਹੈ । ਪੜ੍ਹ ਕੇ ਮੈਨੂੰ ਯਾਦ ਆਇਆ ਕਿ ਇਦਾਂ ਦੀ ਬੇਨਤੀ ਮੈ ਮਈ ਦੇ ਮਹੀਨੇ ਵਿਚ ਅਖਬਾਰ ਟਰਿਬੀਊਨ, ਕੌਮੀ ਦਰਦ, ਜਥੇਦਾਰ ਅਤੇ ਅਕਾਲੀ ਪ੍ਰਤਕਾ ਨੂੰ ਲਿਖ ਭੇਜੀ ਸੀ । ਪਰੰਤੂ ਜਿਥੋਂ ਤਕ ਮੈਨੂੰ ਪਤਾ ਹੈ ਕਿਸੇ ਅਖਬਾਰ ਨੇ ਵੀ ਪ੍ਰਕਾਸ਼ਤ ਨਹੀਂ ਕੀਤੀ ਸੀ । ਇਹ ਵੀ 'ਰੰਗ ਕਰਤਾਰ ਦੇ' ਸਮਝ ਕੇ ਮੈਂ ਚੁਪ ਕਰਕੇ ਬੈਠ ਗਿਆ । ਦੋ ਚਾਰ ਲਫ਼ਜ ਹੁਣ ਆਪ ਜੀ ਨੂੰ ਬੇਨਤੀ ਵਜੋਂ ਲਿਖ ਰਿਹਾ ਹਾਂ ਜੀ । ਮੁਨਾਸਿਬ ਜਾਣੋ ਤਾਂ ਪ੍ਰਕਾਸ਼ਤ ਕਰ ਦੇਣਾ ਜੀ ।

'ਨਾਨਕ ਨਾਮ ਜਹਾਜ਼ ਹੈ'

ਜਿਥੇ ਤਕ ਫਿਲਮ ਸਾਜ਼ੀ, ਮਾਡਰਨ ਫਨ ਕਾਰੀ, ਰੰਗੀਨੀ, ਚਮਕ ਦਮਕ, ਤਮਾਸ਼ਾ ਤੇ ਦਿਲ ਪਰਚਾਵੇ ਦਾ ਤਅੱਲੁਕ ਹੈ, 'ਨਾਨਕ ਨਾਮ ਜਹਾਜ਼ ਹੈ' ਇਕ ਚੰਗੀ ਫਿਲਮਾਂ ਵਿਚੋਂ ਗਿਣੀ ਜਾ ਸਕਦੀ ਹੋਵੇਗੀ । ਪਰੰਤੂ ਇਹਨਾਂ ਗੁਣਾਂ ਦੇ ਹੁੰਦਿਆਂ ਹੋਇਆਂ ਵੀ ਇਹ ਦੋਸ਼ ਨਹੀਂ ਮਿਟ ਸਕਦਾ ਕਿ ਇਹ ਫ਼ਿਲਮ ਬਤੌਰ ਇਕ 'ਸਿਖ ਫ਼ਿਲਮ' ਦੇ ਦਿਖਾਈ ਗਈ ਹੈ । ਇਕ ਵੇਲਾ ਸੀ ਜਦੋਂ ਪਹਿਲੀ ਸਿਖ ਲੜਕੀ 1930 ਈਸਵੀ ਦੇ ਲਗ ਭਗ ਫਿਲਮਾਂ ਵਿਚ ਗਈ ਸੀ ਜਿਸ ਉਪਰ ਬਹੁਤ ਰੌਲਾ ਪੈ ਗਿਆ ਸੀ ਪੰਥ ਵਿਚ । ਅਜ ਸਾਡੀ ਆਸ਼ੀਰਬਾਦ ਦੇ ਨਾਲ ਲੜਕੀ ਤਾਂ ਕੀ ਖ਼ਾਲਸੇ ਦੀ ਸਾਂਗ ਉਤਾਰੀ ਗਈ ਹੈ । ਦਸਮੇਸ਼ ਗੁਰੂਦੇਵ ਖ਼ਾਲਸੇ ਬਾਰੇ ਫ਼ੁਰਮਾਂਦੇ ਹਨ:—

ਖਾਲਸਾ ਮੇਰੋ ਰੂਪ ਹੈ ਖ਼ਾਸ । ਖਾਲਸਾ ਮਹਿ ਹੌ ਕਰੌ ਨਿਵਾਸ ।

... ... ...

ਖ਼ਾਲਸਾ ਮੇਰੋ ਮਿਤਰ ਸਖਾਈ । ਖ਼ਾਲਸਾ ਮਾਤ ਪਿਤਾ ਸੁਖ ਦਾਈ ।

... ... ...

ਖ਼ਾਲਸਾ ਮੇਰੋ ਪਿੰਡ ਪਰਾਨ । ਖ਼ਾਲਸਾ ਮੇਰੀ ਜਾਨ ਕੀ ਜਾਨ ।

... ... ...

ਖ਼ਾਲਸਾ ਮੇਰੋ ਸਤਿਗੁਰ ਪੂਰਾ । ਖਾਲਸਾ ਮੇਰੋ ਸੱਜਨ ਸੂਰਾ । ਆਦਿ ।



www.AKJ.Org

ਗੁਰੂਦੇਵ ਖਾਲਸੇ ਨੂੰ ਅਪਨਾ ਸਤਿਗੁਰੂ ਕਰਕੇ ਮੰਨਦੇ ਹਨ। ਤਾਂ ਤੇ ਜੇ ਖਾਲਸੇ ਦੀ ਅਜ ਸਾਂਗ ਉਤਾਰੀ ਜਾ ਸਕਦੀ ਹੈ ਤਾਂ ਕੀ ਗਾਰੰਟੀ ਹੈ ਕਿ ਕਲ੍ਹ ਨੂੰ ਸਤਿਗੁਰੂ ਬਾਬਾ ਦੀ ਸਾਂਗ ਨਹੀਂ ਉਤਾਰੀ ਜਾਏਗੀ? ਖਾਲਸਾ ਗੁਰੂ ਦੀ ਜੀਉਂਦੀ ਜਾਗਦੀ ਮੂਰਤ ਹੈ। ਜੀਉਂਦੇ ਦੀ ਸਾਂਗ ਅਜ ਤਕ ਕਿਸੇ ਨੇ ਨਹੀਂ ਉਤਾਰੀ। ਤਾਂ ਫਿਰ ਖਾਲਸੇ ਦੀ ਸਾਂਗ ਕਿਉਂ ?

ਇਹ ਇਤਰਾਜ਼ ਕਿਸੇ ਹਦ ਤਕ ਇਉਂ ਘਟ ਸਕਦਾ ਸੀ ਜੇ ਕਰ ਸਿਖੀ ਸ਼ਰਧਾ ਸਹਿਜਧਾਰੀ ਰੂਪ ਵਿਚ ਦਿਖਾਈ ਜਾਂਦੀ। ਆਖਿਰਕਾਰ ਸ੍ਰੀ ਪ੍ਰਿਥਵੀ ਰਾਜ ਕਪੂਰ ਜੋ ਫਰੰਟੀਅਰ ਦੇ ਜੰਮੇ ਪਲੇ ਦਸੇ ਜਾਂਦੇ ਹਨ, ਉਨ੍ਹਾਂ ਕੋਲੋਂ ਸਹਿਜਧਾਰੀ ਸ਼ਰਧਾ ਕੋਈ ਗੁਝੀ ਛੁਪੀ ਨਹੀਂ ਹੈ। ਪਾਕਿਸਤਾਨ ਤੋਂ ਆਏ ਹੋਏ ਅਜੇ ਵੀ ਅਨੇਕਾਂ ਸਜਨ ਰੋਹਤਕ, ਕਰਨਾਲ, ਦਿਲੀ ਅਤੇ ਹੋਰ ਅਸਥਾਨਾਂ ਤੇ ਮਿਲਦੇ ਹਨ ਜੋ ਆਮ ਸਿੰਘਾਂ ਨਾਲੋਂ ਵੀ ਵਧੇਰੇ ਗੁਰਬਾਣੀ ਦੇ ਨਾਲ ਪਿਆਰ ਕਰਦੇ ਹਨ। ਇਹ ਸਮਝ ਨਹੀਂ ਆਂਦੀ ਕਿ ਕਪੂਰ ਸਾਹਿਬ ਨੇ ਇਸ ਗਲ ਵਲ ਕਿਉਂ ਨਹੀਂ ਧਿਆਨ ਦਿਤਾ ਤੇ ਨਾ ਹੀ ਫਿਲਮ ਦੀ ਪ੍ਰਵਾਨਗੀ ਦੇਣ ਵਾਲੇ ਗੁਰੂ ਕੇ ਲਾਲਾਂ ਨੂੰ ਖਿਆਲ ਆਇਆ।

ਦੂਜਾ ਇਤਰਾਜ਼ ਇਹ ਹੈ ਕਿ 'ਨਾਨਕ ਨਾਮ ਜਹਾਜ਼ ਹੈ' ਆਖਿਰ ਤਾਂ ਇਕ ਨਾਟਕ ਚੇਟਕ, ਇਕ ਤਮਾਸ਼ਾ ਹੀ ਹੈ ਨਾ ਜਿਸ ਨੂੰ—

'ਵੇਖੈ ਲੋਕੁ ਹਸੈ ਘਰਿ ਜਾਇ।' ਅਤੇ 'ਰੋਟੀਆ ਕਾਰਣਿ ਪੂਰਹਿ ਤਾਲ।' ਆਦਿ।

ਦਸਮੇਸ਼ ਪਿਤਾ ਨਾਟਕ ਚੇਟਕ ਨੂੰ 'ਕੁਕਾਜ' ਆਖਦੇ ਹਨ, ਜਿਸ ਤਰਾਂ ਕਿ,

ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕੈ ਆਵਤ ਲਾਜਾ।

ਭਾਵ ਜਿਸ ਕੁਕਾਜ ਤੋਂ ਹਰੀ ਪ੍ਰਭੂ ਦੇ ਲੋਗਾਂ ਨੂੰ ਲਜਿਆ ਆਉਂਦੀ ਹੈ। ਤਾਂ ਤੇ ਗੁਰੂ ਕੀ ਸੰਗਤਾਂ ਆਪ ਹੀ ਜਾਣ ਲੈਣ ਕਿ ਇਕ ਨਾਟਕ ਜਾਂ ਡਰਾਮੇ ਜਾਂ ਤਮਾਸ਼ੇ ਦਾ ਸਾਡੇ ਜੀਵਨ ਤੇ ਕੀ ਪ੍ਰਭਾਵ ਪੈ ਸਕਦਾ ਹੈ ?

ਕਈ ਸਜਨ ਇਹ ਆਖਦੇ ਵੀ ਸੁਣੇ ਗਏ ਹਨ ਕਿ ਇਸ ਫਿਲਮ ਦੁਆਰਾ ਸਿਖੀ ਦਾ ਪ੍ਰਚਾਰ ਬਹੁਤ ਹੋਇਆ ਹੈ ਪ੍ਰੰਤੂ ਦਾਸ ਦੀ ਤੁਛ ਬੁਧੀ ਅਨੁਸਾਰ ਇਹ ਇਕ ਨਿਰਾ ਭਰਮ ਭੁਲੇਖਾ ਹੀ ਹੈ। ਅਸੀਂ ਲੋਗ ਕੋਈ ੪੦ ਸਾਲਾਂ ਤੋਂ ਧਾਰਮਕ ਫਿਲਮਾਂ ਦੇਖਦੇ ਆ ਰਹੇ ਹਾਂ ਜਿਸ ਵਿਚ ਸ੍ਰੀ ਰਾਮ ਚੰਦਰ ਜੀ, ਸ੍ਰੀ ਕਰਿਸ਼ਨ ਜੀ ਅਤੇ ਕਈ ਰਿਸ਼ੀਆ ਮੁਨੀਆਂ ਦੀ ਸਹੀ ਸਾਲਿਮ ਕੇਸਾਂ ਨਾਲ ਸਾਂਗ ਉਤਰਦੀ ਦੇਖਦੇ ਹਾਂ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਐਸੇ ਸਹੀ ਸਾਲਮ ਦਾੜ੍ਹੀ ਕੇਸਾਂ ਵਾਲੇ ਰੂਪ ਵਿਚ ਅਪਣੇ ਬਜ਼ੁਰਗਾਂ ਨੂੰ ਵੇਖ ਕੇ ਸਾਡੇ ਮਨਾਂ ਵਿਚ ਸ਼ਰਧਾ ਤੇ ਪ੍ਰੇਮ ਝਟ ਘੜੀ ਪੈਦਾ ਹੁੰਦਾ ਹੈ। ਪ੍ਰੰਤੂ ਇਤਨੇ (ਵਿਖਾਵੇ ਵਾਲੇ) ਪ੍ਰਚਾਰ ਨਾਲ ਕਿਨੇ ਕੁ ਸਜਨਾਂ ਨੇ ਦਾੜ੍ਹੀ ਕੇਸ ਧਾਰਨ ਕੀਤੇ ਹਨ। ਜੇ ਫਿਲਮੀ ਪ੍ਰਚਾਰ ਇਕ ਸਚੀ ਚੀਜ਼ ਹੁੰਦੀ ਤਾਂ ਐਸ ਵੇਲੇ ਸਾਰੇ ਭਾਰਤੀਆਂ ਜਾਂ ਘਟੋ ਘਟ ਅਧੇ ਹਿੰਦੁਸਤਾਨੀਆਂ ਦੇ ਦਾੜ੍ਹੀ ਕੇਸ ਸਾਲਿਮ ਹੁੰਦੇ। ਪਰ ਅਸਲ ਵਿਚ ਹੋਇਆ ਇਸ ਦੇ ਉਲਟ ਹੈ।

ਡਰਾਮਾ ਤੇ ਸਾਂਗ ਆਖਿਰ ਇਕ ਤਮਾਸ਼ਾ ਤੇ ਦਿਲ ਬਹਿਲਾਵੇ ਦਾ ਸਾਧਨ ਹਨ। ਇਸ ਦੇ ਉਪਰ 5 ਜਾਂ 10 ਗੁਰ-ਸ਼ਬਦਾਂ ਦਾ ਗ਼ਿਲਾਫ਼ ਚੜ੍ਹਾ ਕੇ ਇਸ ਦੀ ਅਸਲੀਅਤ ਕਿਸ ਤਰਾਂ ਛੁਪ ਸਕਦੀ ਹੈ। ਨਿਰੰਕਾਰੀ ਬਾਬਾ ਜੀ ਪੰਜਵੇਂ ਜਾਮੇ ਵਿਚ ਆ ਕੇ ਸਾਂਗ ਦੀ ਅਸਲੀਅਤ ਇਉਂ ਦਸਦੇ ਹਨ।

ਸ੍ਵਾਂਗੀ ਸਿਉ ਜੋ ਮਨੁ ਰੀਝਾਵੈ। ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ! (ਭੈਰਉ ਮ: ੫)



www.AKJ.Org

ਇਸ ਫਿਲਮ ਦਾ ਨਾਂ ਫਿਲਮ ਬਣਾਨ ਵਾਲਿਆਂ ਨੇ 'ਵਾਹਿਗੁਰੂ ਨਾਮ ਜਹਾਜ਼ ਹੈ' ਦੀ ਤੁਕ ਤੋਂ ਲਿਆ ਹੈ। ਇਹ ਤੁਕ ਗੁਰਬਾਣੀ ਨਹੀਂ ਜਾਪਦੀ ਪਰ ਇਹ ਸਿਖ ਸੰਗਤ ਦੀ ਪ੍ਰਵਾਨ ਬਾਣੀ ਹੈ। ਜਿਸ ਨੂੰ ਕਟੜ ਵੀਰ ਸ਼ਾਇਦ ਕਚੀ ਬਾਣੀ ਵੀ ਕਹਿਣਗੇ। ਇਸੇ ਗਲ ਦਾ ਨਾਜਾਇਜ਼ ਫਾਇਦਾ ਉਠਾਂਦਿਆਂ ਹੋਇਆਂ ਫਿਲਮ ਵਾਲਿਆਂ ਨੂੰ ਇਹ ਹੌਸਲਾ ਪਿਆ ਕਿ ਭੋਲੇ ਭਾਲੇ ਲੋਕਾਂ ਦੀ ਸਿਖੀ ਸ਼ਰਧਾ ਦੇ ਨਾਨਕ ਪਿਆਰ ਨੂੰ ਅਪਨੀ ਮਾਇਕ ਲੋੜਾਂ ਲਈ ਵਰਤਦਿਆਂ ਹੋਇਆਂ ਇਸ ਦਾ ਨਾਮ 'ਨਾਨਕ ਨਾਮ ਜਹਾਜ਼ ਹੈ' ਰਖ ਦਿਤਾ ਜੋ ਗੁਰਮਤ ਦੇ ਵਿਰੁਧ ਹੈ। ਜਹਾਜ਼ ਇਕੋ ਨਾਮ ਹੀ ਹੈ। ਨਾਨਕ ਤਾਂ–

ਮੈ ਹੂ ਪਰਮ ਪੁਰਖ ਕੋ ਦਾਸਾ। ਦੇਖਨ ਆਇਓ ਜਗਤ ਤਮਾਸ਼ਾ।

ਪ੍ਰੰਤੂ ਅਸੀਂ ਲੋਗ ਸਤਿਗੁਰੂ ਨੂੰ 'ਦੇਵਤਾ' ਬਨਾਣ ਦਾ ਜਤਨ ਕਰਦੇ ਹਾਂ ਅਤੇ ਆਪ ਜੀ ਦੇ ਸੁੰਦਰ ਉਪਦੇਸ਼ ਤੋਂ ਖੁੰਝਕੇ ਅਤੇ ਵਾਹਿਗੁਰੂ ਦੇ ਅਸਲ ਤਮਾਸ਼ੇ ਦੀ ਖੂਬਸੂਰਤੀ ਅਨੁਭਵ ਨ ਕਰਦੇ ਹੋਏ, ਨਕਲੀ ਖੇਲ ਤਮਾਸ਼ਿਆਂ ਵਲ ਭਜਦੇ ਹਾਂ। ਅਜ ਕਲ ਦਾ ਨੌਜਵਾਨ ਇਹ ਚਾਹੁੰਦਾ ਹੈ ਕਿ ਗੁਰਦੁਆਰੇ ਵਿਚ 'ਬੋਰ' ਹੋਣ ਦੀ ਬਜਾਏ ਸਕਰੀਨ ਤੇ ਸਭ ਕੁਛ ਲਿਆਂਦਾ ਜਾਏ। ਇਸ ਫਿਲਮ ਦੀ ਜ਼ਹਿਰਾ ਕਾਮਯਾਬੀ ਦੇ ਪਿਛੇ ਇਹੀ ਗ਼ਲਤ ਖਿਆਲ ਕੰਮ ਕਰ ਰਿਹਾ ਹੈ ਜਿਸ ਨੂੰ ਰੋਕਣਾ ਅਤੇ ਸਤਿਗੁਰੂ ਬਾਬਾ ਦੇ ਅਸਲ ਉਪਦੇਸ਼ ਦਾ ਪ੍ਰਚਾਰ ਹਰੀ ਕੀਰਤਨ ਤੇ ਕਥਾ ਦੁਆਰਾ ਕਰਨਾ ਸਮੂਹ ਗੁਰਸਿਖਾਂ ਦਾ ਫਰਜ਼ ਹੈ। ਅੰਤ ਵਿਚ ਦਾਸ ਦੀ ਇਹੀ ਬੇਨਤੀ ਹੈ ਕਿ ਅਸੀਂ ਯਤਨ ਕਰੀਏ ਤਾਂ ਜੋ ਹੋਰ ਕੋਈ ਸਿਖ ਫ਼ਿਲਮ ਨ ਬਣੇ ਨਹੀਂ ਤਾਂ ਸਿਖ ਮਜ਼ਹਬ ਵੀ ਹੌਲੀ ਹੌਲੀ ਇਕ ਖੇਲ ਤਮਾਸ਼ਾ ਬਣ ਜਾਏਗਾ ਭਾਵ ਇਹ ਕਿ ਗੁਰਸੰਗਤ ਵਿਚ ਜਾਣ ਦੀ ਬਜਾਏ ਰਜਾਈ ਵਿਚ ਲੰਮੇ ਪਏ ਹੀ ਅਸੀਂ ਰੇਡੀਉ ਤੇ ਕੀਰਤਨ ਅਤੇ ਸਕਰੀਨ ਤੇ ਨਾਲੇ ਤਮਾਸ਼ਾ ਤੇ ਨਾਲੇ ੨ ਜਾਂ ੪ ਸ਼ਬਦ ਸੁਣ ਕੇ ਇਹੀ ਸਮਝਾਂਗੇ ਕਿ ਅਸੀਂ ਸਿਖੀ ਕਮਾ ਲਈ ਹੈ।

ਦਾਸ–ਗੁਰਬਖ਼ਸ਼ ਸਿੰਘ (XEN)

PII/2, ਹਾਈਡਲ ਕਾਲੋਨੀ, ਮਲਕਪੁਰ, ਪਠਾਨਕੋਟ।

ਫੁਲਬਹਿਰੀ ਸਫ਼ੈਦ ਦਾਗਾਂ ਦਾ ਮੁਕੰਮਲ ਇਲਾਜ

ਫੁਲਬਹਿਰੀ, ਸਫ਼ੈਦ ਦਾਗਾਂ ਅਤੇ ਹੋਰ ਜਿਲਦੀ ਰੋਗਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀਮ ਐਚ. ਐਸ. ਕਟਾਰੀਆ ਨੂੰ ਮਿਲੋ, ਜਿਨ੍ਹਾਂ ਦੇ ਇਲਾਜ ਨਾਲ ਸੈਂਕੜੇ ਲੋਕ ਫੁਲਬਹਿਰੀ ਦੇ ਰੋਗ ਤੋਂ ਛੁਟਕਾਰਾ ਪਾ ਚੁਕੇ ਹਨ।

ਸਾਡੀ ਦਵਾਈ ਫੁਲਬਹਿਰੀ ਦੇ ਰੋਗ ਨੂੰ ਜੜੋਂ ਹੀ ਖ਼ਤਮ ਕਰਕੇ ਸਰੀਰ ਦੀ ਚਮੜੀ ਨੂੰ ਆਪਣੇ ਅਸਲੀ ਰੂਪ ਵਿਚ ਲੈ ਆਉਂਦੀ ਹੈ। ਸੋ ਫੁਲਬਹਿਰੀ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪਤਰ ਰਾਹੀਂ ਦਵਾਈ ਮੰਗਾ ਸਕਦੇ ਹੋ।

ਕਟਾਰੀਆ ਸ਼ਫ਼ਾਖ਼ਾਨਾ ਪੀਲੀ ਸੜਕ, ਰਾਘੋਮਾਜਰਾ, ਪਟਿਆਲਾ

ਨੋਟ:–ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ, ਇਨ੍ਹਾਂ ਨਕਲਚੀਆਂ ਤੋਂ ਬਚੋ।



www.AKJ.Org

# ਗੁਰਬਾਣੀ ਪਾਠ-ਨਿਰਣਯ

ਵਲੋਂ :
ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ
(ਲੇਖਕ–ਕਰਤਾ 'ਜਪੁ-ਨਿਰਣਯ')
[ਕਿਸ਼ਤ ਦੂਜੀ]

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| ੧ | ੧ | ੩ | ਜਪੁ | ॥ ਜਪੁ ॥ |
| ੨ | ੧ | ੪ | (ਜਪੁ) ਆਦਿ, ਸਚੁ ਜੁਗਾਦਿ<br>ਸਚੁ ਹੈ ਭੀ, ਨਾਨਕ ਹੋਸੀ ਭੀ ਸਚੁ ॥ | ਆਦਿ ਸਚੁ ॥ ਜੁਗਾਦਿ ਸਚੁ ॥<br>ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ ॥ |
| ੩ | ੧ | ੫ | ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥ | ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ |
| ੪ | ੧ | ੧੧ | ਗਾਵੈ ਕੋ, ਤਾਣ ਹੋਵੈ ਕਿਸੈ ਤਾਣੁ ॥ | ਗਾਵੈ ਕੋ ਤਾਣੁ, ਹੋਵੈ ਕਿਸੈ ਤਾਣੁ ॥ |
| ੫ | ੧ | ੧੧ | ਗਾਵੈ ਕੋ, ਦਾਤਿ ਜਾਣੈ ਨੀਸਾਣੁ ॥ | ਗਾਵੈ ਕੋ ਦਾਤਿ, ਜਾਣੈ ਨੀਸਾਣੁ ॥ |

ਨਿਰਣੇ :—

(੧–੨) (ੳ) 'ਜਪੁ' ਬਾਣੀ ਦਾ ਨਾਮ ਹੈ ਅਤੇ 'ਸਿਰਲੇਖ' ਵਜੋਂ ਦਰਜ ਹੈ। ਇਸਦਾ ਉਚਾਰਨ 'ਜਪੋ' ਅਤੇ ਹੁਕਮੀ ਕਿਰਿਆ ਵਿਚ ਅਰਥ ਕਰਨੇ ਅਸ਼ੁੱਧ ਹਨ ॥ 'ਜਪੁ' ॥ ਦੇ ਅਗੇ ਪਿਛੇ ਲਗੇ ਹੋਏ ਡੰਡੇ ਪੂਰਨ ਬਿਸਰਾਮ ਦਾ ਸੂਚਕ ਹਨ। ਇਸ ਲਈ ਬਿਨਾਂ ਬਿਸਰਾਮ ਦੇ 'ਜਪੁ' ਦੇ ਨਾਲ ਨਾਲ ਹੀ 'ਆਦਿ ਸਚੁ' ਵਾਲਾ ਸਲੋਕ ਰਲਾ ਕੇ ਪੜ੍ਹਨਾ ਵੀ ਠੀਕ ਨਹੀਂ ਹੈ।

(ਅ) ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਵਿਚ ਇਸ ਸਲੋਕ ਦੇ ਅਗੇ '॥੧॥' ਅੰਗ ਲਗਾ ਹੋਇਆ ਹੈ, ਪਰ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਨਹੀਂ ਹੈ।

(੩) ਕਈ ਪ੍ਰੇਮੀ ਉਪਰੋਕਤ ਦਿਤਾ ਹੋਇਆ ਪਾਠ 'ਸੋਚਿਆਂ ਸੋਚਿ ਨ ਹੋਵਈ' ਕਰਦੇ ਹਨ। ਜੇ ਉਹ ਗੁਟਕੇ ਤੋਂ ਪਾਠ ਵੇਖ ਕੇ ਕੰਠਾਗਰ ਕਰਨ ਤਾਂ ਅਜੇਹੀ ਅਸ਼ੁੱਧੀ ਦੀ ਸੰਭਾਵਨਾ ਨਹੀਂ ਹੁੰਦੀ। ਇਸ ਪੰਕਤੀ ਵਿਚ ਆਏ 'ਸੋਚੀ' ਪਦ ਦਾ ਉਚਾਰਨ ਬਿੰਦੇ ਸਹਿਤ 'ਸੋਚੀਂ' ਕਰਨਾ ਚਾਹੀਦਾ ਹੈ। ਇਸ ਪਦ ਦੇ ਅਰਥ ਸੌਚ, ਇਸ਼ਨਾਨ ਕਰਨੇ ਵੀ ਠੀਕ ਨਹੀਂ ਜਾਪਦੇ ਕਿਉਂਕਿ ਸਮਗਰ ਗੁਰਬਾਣੀ ਅੰਦਰ 'ਸੋਚਿ' ਚਚੇ ਨੂੰ ਸਿਹਾਰੀ ਵਾਲਾ 'ਇਸ਼ਨਾਨ' ਦੇ ਅਰਥਾਂ ਵਿਚ ਕਿਤੇ ਨਹੀਂ ਵਰਤਿਆ ਗਿਆ, ਸੋਚ-ਵੀਚਾਰ ਦੇ ਅਰਥਾਂ ਵਿਚ ਇਸ ਦੀ ਵਰਤੋਂ ਮਿਲਦੀ ਹੈ। ਜਿਵੇਂ :—

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥ (ਪੰਨਾ ੪੭੭)

ਪਹਿਲੀ ਅਤੇ ਦੂਜੀ ਪਉੜੀ ਵਿਚ ਹੇਠ ਲਿਖੇ ਪਦਾਂ ਦਾ ਉਚਾਰਨ ਬਿੰਦੇ ਸਹਿਤ ਕਰਨਾ ਚਾਹੀਦਾ ਹੈ ਕਿਉਂਕਿ ਇਹ ਬਹੁ-ਬਚਨ ਦੇ ਲਖਾਇਕ ਹਨ :—ਰਹਾਂ, ਭੁਖਿਆਂ, ਪੁਰੀਆਂ, ਸਿਆਣਪਾਂ, ਹੋਹਿੰ, ਪਾਈਅਹਿੰ, ਭਵਾਈਅਹਿੰ, ਹਉਮੈਂ।

(੪–੫) ਕਈ ਪਾਠੀ ਤੇ ਟੀਕਾਕਾਰ 'ਗਾਵੈ ਕੋ' ਤੋਂ ਬਾਅਦ ਬਿਸਰਾਮ ਲਾ ਕੇ 'ਕੋ' ਦੇ ਅਰਥ 'ਕੌਣ' ਕਰਦੇ ਹਨ ਇਸ ਤਰ੍ਹਾਂ ਅਰਥਾਂ ਵਿਚ ਇਕਸਾਰਤਾ ਨਹੀਂ ਰਹਿੰਦੀ। 'ਕੋ' ਦੇ ਅਰਥ ਕਈ ਠੀਕ ਹਨ।

(ਵੇਖੋ ਜਪੁ–ਨਿਰਣਯ ਪੰਨਾ ੮੦–੮੧)



www.AKJ.Org

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| ੬ | ੧ | ੧੧ | ਗਾਵੈ ਕੋ, ਗੁਣ ਵਡਿਆਈ ਆਚਾਰ ॥ | ਗਾਵੈ ਕੋ, ਗੁਣ ਵਡਿਆਈਆ ਚਾਰ ॥ |
| ੭ | ੨ | ੨ | ਹੁਕਮੀ ਹੁਕਮਿ, ਚਲਾਏ ਰਾਹੁ ॥ | ਹੁਕਮੀ, ਹੁਕਮੁ ਚਲਾਏ ਰਾਹੁ ॥ |
| ੮ | ੨ | ੭ | ਦੁਖੁ ਪਰ ਹਰਿ ਸੁਖੁ ਘਰਿ ਲੈ ਜਾਇ ॥ | ਦੁਖੁ ਪਰਹਰਿ, ਸੁਖੁ ਘਰਿ ਲੈ ਜਾਇ ॥ |
| ੯ | ੨ | ੮ | ਗੁਰੁ ਈਸਰੁ, ਗੁਰੁ ਗੋਰਖੁ, ਬਰਮਾ ਗੁਰ, ਪਾਰਬਤੀ ਮਾਈ ॥ | ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ ॥ |
| ੧੦ | ੨ | ੯ | ਗੁਰਾ ਇਕ ਦੇਹਿ ਬੁਝਾਈ ॥ | ਗੁਰਾ, ਇਕ ਦੇਹਿ ਬੁਝਾਈ ॥ |

ਨਿਰਣੇ :—

(੬) 'ਆਚਾਰ' ਤੇ 'ਚਾਰ' ਦੋਵੇਂ ਪਾਠ ਪ੍ਰਚਲਤ ਹਨ ਪਰ ਖੋਜ ਤੋਂ 'ਚਾਰ' ਪਾਠ ਹੀ ਸ਼ੁੱਧ ਪ੍ਰਤੀਤ ਹੁੰਦਾ ਹੈ। 'ਆਚਾਰ' ਪਦ ਦਾ ਸਬੰਧ ਮਨੁਖੀ ਜੀਵਨ ਨਾਲ ਹੈ, ਪਰਮਾਤਮਾ ਨਾਲ ਨਹੀਂ। ਇਸ ਪੰਕਤੀ ਵਿਚ ਵਾਹਿਗੁਰੂ ਜੀ ਦੀਆਂ ਵਡਿਆਈਆਂ ਗਾਉਣ ਦਾ ਵਿਸ਼ਾ ਹੈ। ਇਸ ਲਈ ਇਸ ਪੰਕਤੀ ਦੇ ਸ਼ੁਧ ਅਰਥ ਇਹ ਹਨ 'ਕੋਈ (ਜਗਿਆਸੂ) ਵਾਹਿਗੁਰੂ ਜੀ ਦੀਆਂ ਸੁੰਦਰ ਵਡਿਆਈਆਂ ਨੂੰ ਗਾਉਂਦਾ ਹੈ।' ਵਧੇਰੇ ਵਿਸਥਾਰ ਲਈ ਵੇਖੋ (ਜਪੁ-ਨਿਰਣਯ ਪੰਨਾ ੮੧-੮੫)

(੭) ਇਸ ਦਾ ਸ਼ੁਧ ਬਿਸਰਾਮ 'ਹੁਕਮੀ' ਪਦ ਤੋਂ ਬਾਅਦ ਹੈ। 'ਰਾਹੁ' ਦਾ ਉਚਾਰਨ 'ਰਾਹੋ' ਕਰਨਾ ਅਸ਼ੁਧ ਹੈ। ਔਂਕੜ ਤੇ ਹੋੜੇ ਦੇ ਉਚਾਰਨ ਵਿਚ ਬਹੁਤ ਫ਼ਰਕ ਹੁੰਦਾ ਹੈ।

(੮) 'ਪਰਹਰਿ' ਇਕ ਜੁੜਤ ਪਦ ਹੈ। ਇਸ ਦੇ ਅਰਥ ਹਨ—'ਪਰ੍ਹਾਂ ਕਰਕੇ'। ਇਸਨੂੰ 'ਪਰ ਹਰਿ' ਵਖਰੇ ਕਰਕੇ ਪੜ੍ਹਨਾ ਅਸ਼ੁਧ ਹੈ।

(੯) ਇਸ ਪੰਕਤੀ ਦੇ ਬਿਸਰਾਮਾਂ ਦੇ ਅਰਥਾਂ ਵਿਚ ਬਹੁਤ ਮਤਭੇਦ ਹਨ। ਵਿਸਥਾਰ ਪੂਰਕ ਨਿਰਣਾ ਵੇਖੋ। (ਜਪੁ-ਨਿਰਣਯ, ਪੰਨਾ ੧੦੧-੪)

(੧੦) 'ਗੁਰਾ', 'ਸਤਿਗੁਰਾ' ਪਦ ਗੁਰਬਾਣੀ ਅੰਦਰ ਕਈ ਹੋਰ ਸ਼ਬਦਾਂ ਵਿਚ ਵਰਤੇ ਹੋਏ ਮਿਲਦੇ ਹਨ ਪਰ 'ਗੁਰਾਂ' ਬਿੰਦੇ ਸਹਿਤ ਉਚਾਰਨ ਕਿਸੇ ਸ਼ਬਦ ਵਿਚੋਂ ਨਹੀਂ ਮਿਲਦਾ। ਇਸ ਪੰਕਤੀ ਵਿਚ 'ਦੇਹਿ' ਪਦ ਦੀ ਵਰਤੋਂ ਗੁਰਬਾਣੀ ਅੰਦਰ 'ਬੇਨਤੀ ਰੂਪ' ਵਿਚ ਕੀਤੀ ਗਈ ਹੈ। ਜਿਵੇਂ :—

੧. ਤੇਰੇ ਗੁਣ ਗਾਵਾ ਦੇਹਿ ਬੁਝਾਈ। (ਪੰਨਾ ੭੯੫)

੨. ਦੇਹਿ ਨਾਮੁ ਕਰਿ ਅਪਣੇ ਚੇਰੇ। (ਪੰਨਾ ੭੪੨)

ਸੋ 'ਗੁਰਾ' ਪਦ ਬਿੰਦੇ ਤੋਂ ਰਹਿਤ ਉਚਾਰਨ ਠੀਕ ਹੈ। ਇਸ ਬਾਰੇ ਪੂਰੀ ਵਿਆਖਿਆ ਲਈ ਵੇਖੋ—

(ਜਪੁ ਨਿਰਣਯ ਪੰਨਾ ੧੦੪-੬)



www.AKJ.Org

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| ੧੧ | ੨ | ੧੪ | ਕੀਟਾ ਅੰਦਰਿ ਕੀਟੁ, ਕਰਿ ਦੋਸੀ ਦੋਸੁ ਧਰੇ ।। | ਕੀਟਾ ਅੰਦਰਿ ਕੀਟੁ ਕਰਿ, ਦੋਸੀ ਦੋਸੁ ਧਰੇ ।। |
| ੧੨ | ੨ | ੧੭ | ਸੁਣਿਐ, ਮੁਖਿ ਸਾਲਾਹਣਮੰਦੁ ।। | ਸੁਣਿਐ, ਮੁਖਿ ਸਾਲਾਹਣ ਮੰਦੁ । |
| ੧੩ | ੩ | ੫ | ਮੰਨੈ, ਕਾਬਹਿ ਕਰਨਿ ਵੀਚਾਰੁ ।। | ਮੰਨੈ ਕਾ, ਬਹਿ ਕਰਨਿ ਵੀਚਾਰੁ ।। |
| ੧੪ | ੩ | ੭ | ਮੰਨੈ, ਮੁਹਿ ਚੋਟਾ ਨਾ ਖਾਇ ।। | ਮੰਨੈ, ਮੁਹਿ ਚੋਟਾ ਨਾ ਖਾਇ ।। |
| ੧੫ | ੩ | ੮ | ਮੰਨੈ, ਮਗੁਨ ਚਲੈ ਪੰਥੁ ।। | ਮੰਨੈ, ਮਗੁ ਨ ਚਲੈ ਪੰਥੁ ।। |
| ੧੬ | ੩ | ੧੦ | ਮੰਨੈ ਤਰੈ, ਤਾਰੇ ਗੁਰੁ ਸਿਖ ।। | ਮੰਨੈ, ਤਰੈ ਤਾਰੇ ਗੁਰੁ ਸਿਖ ।। |

ਨਿਰਣੇ :—

(੧੧) ਉਪਰੋਕਤ ਬਿਸਰਾਮ ਕੇਂਵਲ ਪ੍ਰੋ: ਸਾਹਿਬ ਸਿੰਘ ਜੀ ਨੇ ਆਪਣੇ ਕੀਤੇ 'ਜਪੁ ਸਟੀਕ' ਵਿਚ ਦਿਤਾ ਹੈ ਅਤੇ ਇਸ ਦੇ ਅਰਥ ਵੀ ਬਾਕੀ ਟੀਕੇਕਾਰਾਂ ਨਾਲੋਂ ਵਿਲੱਖਣ ਕੀਤੇ ਹਨ । ਪ੍ਰਚਲਤ ਪਾਠ ਬਿਸਰਾਮ ਠੀਕ ਹੈ । ਇਸ ਪੰਕਤੀ ਬਾਰੇ ਵਿਸ਼ੇਸ਼ ਵਿਚਾਰ ਜਾਂ ਨਿਰਣੇ ਲਈ ਵੇਖੋ (ਜਪੁ-ਨਿਰਣਯ ਪੰਨਾ ੧੧੨-੧੧੩) ।

(੧੨) ਕਈ ਦਾਨਿਆਂ ਨੇ ਫ਼ਾਰਸੀ ਦੇ ਸ਼ਬਦ ਅਕਲਮੰਦ, ਹੁਸ਼ਿਆਰਮੰਦ ਵਾਂਗ 'ਸਾਲਾਹਣਮੰਦੁ' ਵੀ ਜੁੜਤ ਪਦ ਦਸਿਆ ਹੈ ਪਰ ਇਸ ਤਰ੍ਹਾਂ ਦੀ ਸੰਧੀ ਕਰਨ ਨਾਲ ਇਸ ਪੰਕਤੀ ਦੇ ਅਰਥਾਂ ਵਿਚ ਬਹੁਤ ਫ਼ਰਕ ਪੈ ਜਾਂਦਾ ਹੈ । ਇਸਲਈ 'ਸਾਲਾਹਣ ਮੰਦੁ' ਦੋਵੇਂ ਵਖੋ ਵਖ ਪਦ ਠੀਕ ਹਨ । ਵੇਖੋ ਜਪੁ-ਨਿਰਣਯ ਪੰਨਾ ੧੧੭-੨੪

(੧੩) ਇਸ ਪੰਕਤੀ ਵਿਚ 'ਮੁਹਿ' ਪਦ ਦਾ ਉਚਾਰਨ 'ਮੋਹ' ਨਹੀਂ ਕਰਨਾ ਚਾਹੀਦਾ ! ਇਸ ਦਾ ਸ਼ੁਧ ਉਚਾਰਨ 'ਮੁਹਿ' ਬਿੰਦੇ ਸਹਿਤ ਕਰਨਾ ਉਚਿਤ ਹੈ । ਇਸ ਦੇ ਅਰਥ 'ਮੋਹ ਦੀਆਂ ਚੋਟਾਂ ਖਾਣਾ' ਨਹੀਂ, ਮੂੰਹ ਉਤੇ ਚੋਟਾਂ ਖਾਣਾ' ਹਨ । ਗੁਰਬਾਣੀ ਵਿਚ 'ਮੁਹਿ' ਪਦ 'ਮੋਹ' ਦੇ ਅਰਥਾਂ ਵਿਚ ਕਿਤੇ ਨਹੀਂ ਮਿਲਦਾ ।

(੧੪) ਅਰਥਬੋਧ ਤੋਂ ਅਨਜਾਣ ਕਈ ਪ੍ਰੇਮੀ 'ਕਾ ਬਹਿ' ਦੀ ਥਾਂ ਇਕੱਠਾ 'ਕਾਬਹਿ' ਪਾਠ ਕਰ ਜਾਂਦੇ ਹਨ ਜੋ ਠੀਕ ਨਹੀਂ ।

(੧੫) ਕੁਝ ਪੁਰਾਤਨ ਟੀਕੇਕਾਰਾਂ ਨੇ 'ਅਗੁਨ' ਪਾਠ ਕੀਤਾ ਹੈ ਅਤੇ ਖ਼ਾਸ ਕਰ ਕੇ ਗਿ: ਸ਼ੇਰ ਸਿੰਘ ਜੀ ਆਪਣੇ ਕੀਤੇ 'ਨਿਤਨੇਮ ਸਟੀਕ' ਵਿਚ 'ਮਗੁਨ' ਪਾਠ ਸ਼ੁਧ ਹੋਣ ਦਾ ਨਿਰਣਾ ਕੀਤਾ ਹੈ । ਗੁਰਬਾਣੀ ਵਿਚ ਜਦੋਂ 'ਮਗਨ' ਸ਼ਬਦ ਆਉਂਦਾ ਹੈ ਤਾਂ ਇਸ ਦਾ ਗਗਾ ਅੱਖਰ ਮੁਕਤਾ ਹੁੰਦਾ ਹੈ । ਜਿਵੇਂ :—

੧. ਮਗਨ ਮਨੈ ਮਹਿ ਚਿਤਵਉ ਆਸਾ, ਨੈਨਹੁ ਤਾਰ ਤੁਹਾਰੀ ।। (ਪੰਨਾ ੧੧੨੦)
੨. ਮਗਨੁ ਭਇਓ ਪ੍ਰਿਅ ਪ੍ਰੇਮ ਸਿਉ, ਸੂਧ ਨ ਸਿਮਰਤ ਅੰਗਾ ।। (ਪੰਨਾ ੧੩੬੪)

ਇਸ ਪੰਕਤੀ ਦੇ ਅਰਥਾਂ ਵਿਚ ਵਿਦਵਾਨਾਂ ਦੀ ਅਸੰਮਤੀ ਹੈ । ਨਿਰਣੇ ਲਈ ਵੇਖੋ (ਜਪੁ-ਨਿਰਣਯ ਪੰ: ੧੩੨-੩੬)

(੧੬) ਗੁਰਬਾਣੀ ਵਿਆਕਰਣ ਦੀ ਨਿਯਮਾਵਲੀ ਅਨੁਸਾਰ ਜਿਥੇ 'ਗੁਰੁ' ਪਦ ਦੇ ਰਾਰੇ ਨੂੰ ਔਂਕੜ ਅਤੇ 'ਸਿਖ' ਦਾ ਖਖਾ ਅੱਖਰ ਮੁਕਤਾ ਹੋਵੇ ਦੋਹਾਂ ਨੂੰ ਜੋੜ ਕੇ 'ਗੁਰਸਿਖ' ਸ਼ਬਦ ਨਹੀਂ ਮੰਨਿਆ ਜਾ ਸਕਦਾ । ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਤੇ ਹੋਰ ਪੁਰਾਤਨ ਗ੍ਰੰਥਾਂ ਵਿਚ 'ਗੁਰਸਿਖ' ਦਾ ਇਹ ਸਰੂਪ ਮਿਲਦਾ ਹੈ। (ਵੇਖੋ ਮਹਾਨ ਕੋਸ਼–ਪੰਨਾ ੩੧੧) ਇਸ ਪੰਕਤੀ ਵਿਚ ਇਹਨਾਂ ਦੋਹਾਂ ਪੱਦਾਂ ਦੇ ਅਰਥਾਂ ਕਾਰਨ ਸਮੁਚੀ ਪੰਕਤੀ ਦੇ ਅਰਥਾਂ ਵਿਚ ਇਤਨੀ ਉਲਝਣ ਪੈ ਗਈ ਹੈ ਕਿ ਕਿਸੇ ਟੀਕੇਕਾਰ ਨੇ ਪਾਠਕਾਂ ਨੂੰ ਸਹੀ ਸੇਧ ਨਹੀਂ ਦਿਤੀ। 'ਜਪੁ ਨਿਰਣਯ' ਵਿਚ 'ਗੁਰਸਿਖ' ਜੁੜਤ ਪੱਦ ਦਿਤਾ ਗਿਆ ਹੈ,ਜੇ ਇਸਨੂੰ ਪਦ ਛੇਦ ਕਰਕੇ 'ਗੁਰੁ ਸਿਖ' ਵਖਰਾ ਕਰ ਦੇਈਏ ਤਾਂ ਵੀ ਅਰਥ ਉਹੋ ਹੀ ਰਹਿਣਗੇ ਜੋ ਪਹਿਲਾਂ ਕੀਤੇ ਹਨ । (ਵੇਖੋ ਜਪੁ-ਨਿਰਣਯ ਪੰਨਾ ੧੩੮-੪੨)



www.AKJ.Org

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| ੧੭ | ੩ | ੧੬ | ਕੁਦਰਤਿ ਕਵਣੁ, ਕਹਾ ਵੀਚਾਰ ।। | ਕੁਦਰਤਿ, ਕਵਣ ਕਹਾ ਵੀਚਾਰ ।। |
| ੧੮ | ੪ | ੪ | ਅਸੰਖ ਗਲ ਵਢ ਹਤਿਆ ਕਮਾਹਿ ।। | ਅਸੰਖ ਗਲਵਢ ਹਤਿਆ ਕਮਾਹਿ ।। |
| ੧੯ | ੪ | ੫ | ਨਾਨਕੁ, ਨੀਚੁ ਕਹੈ ਵੀਚਾਰੁ ।। | ਨਾਨਕੁ ਨੀਚ, ਕਹੈ ਵੀਚਾਰੁ ।। |
| ੨੦ | ੪ | ੭ | ਅਸੰਖ ਕਹਹਿ ਸਿਰਿਭਾਰੁ ਹੋਇ ।। | ਅਸੰਖ ਕਹਹਿ ਸਿਰਿ ਭਾਰੁ ਹੋਇ ।। |
| ੨੧ | ੪ | ੧੧ | ਪਾਣੀ ਧੋਤੈ ਉਤਰ ਸੁ ਖੇਹ ।। | ਪਾਣੀ ਧੋਤੈ ਉਤਰਸੁ ਖੇਹ ।। |
| ੨੨ | ੪ | ੧੩ | ਜੇ ਕੋ ਪਾਵੈ, ਤਿਲਕਾ ਮਾਨੁ ।। | ਜੇ ਕੋ ਪਾਵੈ, ਤਿਲ ਕਾ ਮਾਨੁ ।। |
| ੨੩ | ੪ | ੧੪ | ਅੰਤਰਿ ਗਤਿ, ਤੀਰਥਿ ਮਲਿ ਨਾਉ ।। | ਅੰਤਰਗਤਿ ਤੀਰਥਿ, ਮਲਿ ਨਾਉ ।। |

ਨਿਰਣੇ :–

(੧੭) ਇਸ ਪੰਕਤੀ ਅੰਦਰ ਆਏ 'ਕੁਦਰਤਿ' ਸ਼ਬਦ ਦੇ ਅਰਥ ਬਹੁਤੇ ਟੀਕਾਕਾਰਾਂ ਨੇ 'ਤਾਕਤ' ਕੀਤੇ ਹਨ। ਇਸ ਵਿਚ ਸੰਦੇਹ ਨਹੀਂ ਕਿ ਗੁਰਬਾਣੀ ਵਿੱਚ 'ਕੁਦਰਤਿ' ਦੇ ਅਰਥ 'ਤਾਕਤ' ਵੀ ਹਨ ਪਰ ਇਸਦਾ ਇਹ ਮੰਤਵ ਨਹੀਂ ਕਿ ਜਿਥੇ 'ਕੁਦਰਤਿ' ਅਰਥਾਤ 'ਰਚਨਾ' ਦਾ ਵਿਚਾਰ ਹੋਵੇ, ਉਥੇ ਵੀ ਇਹੋ ਅਰਥ ਲਾ ਲਈਏ। ਜੇ ਗਹੁ ਨਾਲ ਵਿਚਾਰੀਏ ਤਾਂ ਅਸੰਖ ਵਾਲੀਆਂ ਤਿੰਨਾਂ ਪਉੜੀਆਂ ਵਿੱਚ ਵਾਹਿਗੁਰੂ ਦੀ ਰਚਨਾਂ (ਪਸਾਰੇ) ਦਾ ਵਰਨਣ ਕੀਤਾ ਗਿਆ ਹੈ ਜੇ ਇਸ ਪਉੜੀ ਦਾ ਟਾਕਰਾ ਭਾਈ ਗੁਰਦਾਸ ਜੀ ਦੀ ਵਾਰ ੧੩ ਪਉੜੀ ੧੧ ਨਾਲ ਕੀਤਾ ਜਾਵੇ ਤਾਂ ਸਾਰਾ ਸ਼ੰਕਾ ਆਪਣੇ ਆਪ ਦੂਰ ਹੋ ਜਾਂਦਾ ਹੈ।

(੧੮) 'ਗਲ ਵਢ' ਸ਼ਬਦ ਪਦਛੇਦ ਕਰਕੇ ਇਸ ਦੇ ਅਰਥ 'ਗਲਾ ਵਢ ਕੇ' ਤਾਂ ਹੀ ਬਣ ਸਕਦੇ ਹਨ ਜੇ 'ਵਢਿ' ਸ਼ਬਦ ਦੇ ਢਢੇ ਨੂੰ ਸਿਹਾਰੀ ਲਗੀ ਹੋਈ ਹੁੰਦੀ। ਇਥੇ ਇਹ ਸ਼ਬਦ 'ਗਲਵਢ' ਅਤੇ ਬਹੁ ਬਚਨ ਵਾਚਕ ਹੈ। ਇਸਦੇ ਅਰਥ ਹਨ ਗਲਾ ਵਢਨ ਵਾਲੇ ਕਸਾਈ।

(੧੯) ਕਈ ਪ੍ਰੇਮੀ 'ਨੀਚ' ਸ਼ਬਦ 'ਨਾਨਕ' ਸ਼ਬਦ ਨਾਲ ਉਚਾਰ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਤਿਕਾਰ ਨੂੰ ਕੋਈ ਧੱਕਾ ਨਹੀਂ ਲਗਦਾ। ਇਹ ਨਿੰਮਰਭਾਵੀ ਬਚਨ ਗੁਰੂ ਸਾਹਿਬ ਦੀ ਮਹਾਨਤਾ ਨੂੰ ਹੋਰ ਉਚਾ ਕਰਦਾ ਹੈ। 'ਨੀਚੁ' ਪਦ ਦਾ ਉਚਾਰਨ 'ਨੀਚੋਂ' ਕਰਨਾ ਅਸ਼ੁੱਧ ਹੈ।

(੨੦) ਜਿਥੇ ਸਿਰਭਾਰਿ ਸ਼ਬਦ ਦੇ ਅਰਥ 'ਸਿਰ ਪਰਣੇ' ਹੁੰਦੇ ਹਨ ਉਥੇ 'ਸਿਰ' ਦੇ ਰਾਰੇ ਨੂੰ ਸਿਹਾਰੀ ਨਹੀਂ ਹੁੰਦੀ। ਇਥੇ 'ਸਿਰਿ ਭਾਰੁ' ਇਥੇ ਸਿਰਿ ਦੇ ਰਾਰੇ ਨੂੰ ਸਿਹਾਰੀ ਲਗੀ ਹੋਈ ਹੈ। ਇਸ ਲਈ ਇਸ ਪੰਕਤੀ ਦੇ ਇਹ ਅਰਥ ਹਨ ਅਸੰਖ ਆਖਣ ਨਾਲ ਵੀ ਸਿਰ ਉਤੇ ਭਾਰ ਹੁੰਦਾ ਹੈ।

(੨੧) ਸੰਪਰਦਾਈ 'ਉਤਰ ਸੁ ਖੇਹ' ਪਾਠ ਕਰਦੇ ਹਨ ਪਰ ਪ੍ਰਚਲਤ ਪਾਠ 'ਉਤਰਸੁ' ਅਕਠਾ ਹੀ ਹੈ।

(੨੨) ਇਹ ਮਨੋ ਕਲਪਤ ਪਦ ਛੇਦ ਕੀਤਾ ਪਾਠ ਹੈ 'ਤਿਲ ਕਾ ਮਾਨ' ਪਾਠ ਠੀਕ ਹੈ।

(੨੩) 'ਅੰਤਰਗਤਿ' ਇਕ ਸ਼ਬਦ ਹੈ। ਜਿਥੇ ਇਹ ਦੋ ਵਖੋ ਵਖਰੇ ਸ਼ਬਦ ਬਣਦੇ ਹਨ ਉਥੇ ਇਨ੍ਹਾਂ ਦਾ ਜੋੜਾ 'ਅੰਤਰ ਤੇ ਗਤਿ ਵਿਚਕਾਰ' ਸਬੰਧਕ ਪਦ 'ਕੀ' ਲਗ ਜਾਂਦਾ ਹੈ ਜਿਵੇਂ :–
ਨਿਰਮਲ ਨਾਮ ਜਪਹੁ ਸਦ ਗੁਰਮੁਖਿ, ਅੰਤਰ ਕੀ ਗਤਿ ਤਾਹਿ ਜੀਉ। (ਪੰਨਾ ੫੯੮)



www.AKJ.Org

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| ੨੪ | ੫ | ੩ | ਸਹਸ ਅਠਾਰਹ ਕਹਨਿ ਕਤੇਬਾ, ਅਸੁ ਲੁ ਇਕੁ ਧਾਤੁ ॥ | ਸਹਸ ਅਠਾਰਹ ਕਹਨਿ ਕਤੇਬਾ, ਅਸੁਲੂ ਇਕੁ ਧਾਤੁ ॥ |
| ੨੫ | ੫ | ੧੩ | ਜੇ ਕੋ ਖਾ ਇਕੁ ਆਖਣਿ ਪਾਇ ॥ | ਜੇ ਕੋ ਖਾਇਕੁ ਆਖਣਿ ਪਾਇ ॥ |
| ੨੬ | ੫ | ੧੪ | ਆਖਹਿ, ਸਿਭਿ ਕੇਈ ਕੇਇ ॥ | ਆਖਹਿ ਸਿ ਭਿ. ਕੇਈ ਕੇਇ ॥ |
| ੨੭ | ੬ | ੪ | ਸੋਦਰੁ ਕੇਹਾ ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ ॥ | ਸੋ ਦਰੁ ਕੇਹਾ ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ ॥ |
| ੨੮ | ੬ | ੭ | ਗਾਵਹਿ ਇੰਦ ਇਦਾਸਣਿ ਬੈਠੇ, ਦੇਵਤਿ ਆਦਰਿ ਨਾਲੇ ॥ | ਗਾਵਹਿ ਇੰਦ ਇਦਾਸਣਿ ਬੈਠੇ, ਦੇਵਤਿਆ ਦਰਿ ਨਾਲੇ ॥ |
| ੨੯ | ੬ | ੧੩ | ਰੰਗੀ ਰੰਗੀ ਭਾਤੀ ਕਰਿ ਕਰਿ, ਜਿਨਸੀ ਮਾਇਆ ਜਿਨਿ ਉਪਾਈ ॥ | ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ, ਮਾਇਆ ਜਿਨਿ ਉਪਾਈ ॥ |
| ੩੦ | | | ਸੋਈ ਸੋਈ ਸਦਾ ਸਚੁ ਸਾਹਿਬ, ਸਾਚਾ ਸਾਚੀ ਨਾਈ ॥ | ਸੋਈ ਸੋਈ ਸਦਾ ਸਚੁ, ਸਾਹਿਬੁ ਸਾਚਾ, ਸਾਚੀ ਨਾਈ । |

ਨਿਰਣੇ :–

(੨੪) ਅਸੁਲੂ ਦੇ ਅਰਥ ਹਨ 'ਅਸਲ' ਵਿੱਚ ਇਸ ਪਦ ਦੇ ਅਰਥ 'ਅਸੁ' ('ਘੋੜ') 'ਲੂ' (ਵਾਲ) ਕਰਨੇ ਠੀਕ ਨਹੀਂ ।

(੨੫) 'ਖਾਇਕੁ' ਇਕ ਸ਼ਬਦ ਹੈ । ਇਸਨੂੰ 'ਖਾ ਇਕੁ' ਜਾਂ 'ਖਾਇ ਕੁ' ਪੜ੍ਹਨਾ ਅਸ਼ੁੱਧ ਹੈ । 'ਖਾਇਕ' ਦੇ ਅਰਥ ਹਨ 'ਮੂਰਖ' (ਰਬ ਤੋਂ ਭੁਲੜ ਮਨੁਖ) ਜਿਵੇਂ 'ਸਬਰ ਤੋਸਾ ਮਲਾਇਕਾ । ਬਾਉ ਨਾਹੀ ਖਾਇਕਾ' ।

(੨੬) ਕਈ ਸਜਣ ਸਸੇ ਦੀ ਸਿਹਾਰੀ ਨੂੰ ਅਖੋਂ ਓਹਲੇ ਕਰ ਕੇ 'ਸਿ ਭਿ' ਦੀ ਥਾਂ ਤੇ 'ਸਭ' ਪੜ੍ਹ ਜਾਂਦੇ ਹਨ । ਇਥੇ 'ਸਭ' ਪਾਠ ਕਰਨ ਨਾਲ ਅਰਥ ਹੀ ਉਲਟੇ ਬਣ ਜਾਂਦੇ ਹਨ । ਇਸ ਲਈ 'ਸਿ ਭਿ' ਵਖੋ ਵਖ ਪਾਠ ਕਰਨਾ ਠੀਕ ਹੈ । ਇਸਦੇ ਅਰਥ ਹਨ, ਓਹ ਵੀ ਕਈਆਂ ਵਿਚੋਂ, ਕੋਈ ਵਿਰਲੇ ਆਖਦੇ ਹਨ ।

(੨੭) ਕਈ ਸਜਣ 'ਸੋਦਰੁ' ਤੋਂ ਭਾਵ ਸੰਧਿਆ ਦਾ ਲੈ ਕੇ ਅਕਠਾ ਪਦ ਉਚਾਰਨ ਕਰਦੇ ਹਨ, ਜੋ ਅਸ਼ੁੱਧ ਹੈ । 'ਸੋ ਦਰੁ' ਬਾਣੀ ਦੇ 'ਸਿਰਲੇਖ' ਵਜੋਂ 'ਆਸਾ ਰਾਗੁ' ਦੇ ਅਰੰਭ ਵਿਚ ਵੀ ਦਿਤਾ ਗਿਆ ਹੈ । ਇਸਦੇ ਅਰਥ ਹਨ 'ਓਹ ਦਰਬਾਰ' । 'ਸਮਾਲੇ' ਪਦ ਦਾ ਉਚਾਰਨ 'ਸਮਾਲੇ' ਬਿੰਦ ਸਹਿਤ ਕਰਨਾ ਚਾਹੀਦਾ ਹੈ ਕਿਉਂਕਿ ਇਹੀ ਬਚਨ ਹਜ਼ੂਰੀ ਦੇ ਸੂਚਕ ਹਨ ।

(੨੮) 'ਗਾਵਹਿ' ਪਦ ਉਚਾਰਨ 'ਗਾਵੈ' ਅਸ਼ੁੱਧ ਹੈ । 'ਦੇਵਤਿ ਆਦਰ ਨਾਲ' ਪਾਠ ਤਾਂ ਬਣਦਾ ਜੇ 'ਦੇਵਤਿ' ਨੂੰ ਸਿਹਾਰੀ ਨਾ ਹੁੰਦੀ ।

(੨੯) ਇਸ ਪੰਕਤੀ ਦੇ ਬਿਸਰਾਮ ਬਾਰੇ ਬਹੁਤ ਟੀਕਾਕਾਰਾਂ ਦਾ ਪਰਸਪਰ ਮਤ-ਭੇਦ ਹੈ । ਇਸਦਾ ਵਿਸਥਾਰ ਪੂਰਬਕ ਨਿਰਣਾ ਵੇਖੋ (ਜਪੁ-ਨਿਰਣਯ ਪੰਨਾ ੧੯੧-੧੯੨) ।

(੩੦) ਸ਼ੁੱਧ ਪਾਠ ਤਲੇ ਦਿਤੇ ਬਿਸਰਾਮ ਠੀਕ ਹਨ ਕਿਉਂਕਿ 'ਸਾਚੀ' ਇਸਤ੍ਰੀ ਪੱਦ ਨਾਲ 'ਨਾਈ' ਪਦ ਦਾ ਮੇਲ ਹੈ ।



www.AKJ.Org

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| ੩੧ | ੬ | ੧੫ | ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ॥ | ਮੁੰਦਾ ਸੰਤੋਖੁ ਸਰਮੁ, ਪਤੁ ਝੋਲੀ ॥ |
| ੩੨ | ੬ | ੧੬ | ਖਿੰਥਾ ਕਾਲੁ,ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ | ਖਿੰਥਾ ਕਾਲੁ, ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ ॥ |
| ੩੩ | ੬ | ੧੮ | ਆਪਿ ਨਾਥੁ, ਨਾਥੀਂ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦੁ ॥ | ਆਪਿ ਨਾਥੁ, ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ ॥ |
| ੩੪ | ੭ | ੨ | ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀ ਬਾਣੁ ॥ | ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥ |
| ੩੫ | ੭ | ੧੫ | ਕੇਤੀਆ ਕਰਮ ਭੂਮੀ ਮੇਰ, ਕੇਤੇ ਕੇਤੇ ਧੂ ਉਪਦੇਸ ॥ | ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥ |
| ੩੬ | ੮ | ੮ | ਭਉ ਖਲਾਂ ਅਗਨਿ ਤਪ ਤਾਉ ॥ | ਭਉ ਖਲਾ ਅਗਨਿ ਤਪ ਤਾਉ ॥ |
| ੩੭ | ੮ | ੧੨ | ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥ | ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥ |

ਨਿਰਣੇ :—

(੩੧) 'ਮੁੰਦਾ' ਸ਼ਬਦ ਨੂੰ ਬਿੰਦਾ ਲਾ ਕੇ 'ਮੁੰਦਾਂ' ਬਹੁਵਚਨ ਵਿਚ ਬੁਲਾਉਣਾ ਚਾਹੀਦਾ ਹੈ ਜੋਗੀ ਦੋਹਾਂ ਕੰਨਾਂ ਵਿੱਚ ਮੁੰਦਰਾਂ ਪਾਉਂਦੇ ਹਨ। ਜਿਵੇਂ ਗੁਰੂ ਜੀ ਇਸ ਪੰਕਤੀ ਵਿਚ ਫੁਰਮਾਉਂਦੇ ਹਨ।

੧. ਸਰਮ ਦੀਆਂ ਮੁੰਦ੍ਰਾ ਕੰਨੀ ਪਾਇ ਜੋਗੀ, ਖਿੰਥਾ ਕਰਿ ਤੂ ਦਇਆ। (ਪੰਨਾ ੯੦੮)

੨. ਮੇਰੀ ਤੇਰੀ ਮੁੰਦ੍ਰਾ ਧਾਰੀ। (ਪੰਨਾ ੮੮੪)

(੩੨) ਇਸ ਪੰਕਤੀ ਦੇ ਬਿਸਰਾਮ ਤੇ ਅਰਥਾਂ ਦਾ ਨਿਰਣਾ ਬਹੁਤ ਲੰਮਾ ਹੈ ਇਸ ਲਈ ਵੇਖੋ :-- (ਜਪੁ-ਨਿਰਣਯ ਪੰਨਾ ੧੯੪-੨੦੧)

(੩੩) ਪੰਡਤ ਕਰਤਾਰ ਸਿੰਘ 'ਦਾਖਾ' ਦੇ ਕੀਤੇ ਜਪੁਜੀ ਸਟੀਕ ਵਿਚ 'ਨਾਥੀ' ਸ਼ਬਦ ਨੂੰ ਬਿੰਦਾ ਲਾ ਕੇ ਇਸਦੇ ਅਰਥ 'ਨਾਥਣੀਆਂ' ਇਸਤ੍ਰੀ ਵਾਚਕ ਕੀਤੇ ਹਨ। ਆਪ ਜੀ ਨੇ ਇਹ ਲਿਖਿਆ ਕਿ ਨਾਥ ਵਾਹਿਗੁਰੂ ਹੈ ਅਤੇ ਬਾਕੀ ਸਭ ਨਾਥਣੀਆਂ ਹਨ। ਇਹ ਖਿਚਵੇਂ ਅਰਥ ਹਨ। ਜਦੋਂ ਸਾਨੂੰ ਸਮਗਰ ਗੁਰਬਾਣੀ ਵਿਚੋਂ 'ਨਾਥੀ' ਪਦ ਦੇ ਅਰਥ 'ਨਥੀ ਹੋਈ' ਮਿਲਦੇ ਹਨ, ਤਾਂ ਫਿਰ ਨਵੇਂ ਉਚਾਰਣ ਕਢਣ ਤੇ ਆਪਨਾਉਣ ਦੀ ਕੋਈ ਲੋੜ ਨਹੀਂ ਭਾਸਦੀ।

(੩੪) 'ਦੀਬਾਣੁ' ਨੂੰ ਵਖਰੇ ਕਰਕੇ 'ਦੀ ਬਾਣੁ' ਉਚਾਰਨਾ ਅਸ਼ੁਧ ਹੈ। ਦੀਬਾਣੁ ਦੇ ਅਰਥ ਹਨ 'ਕਚੇਹਰੀ'। ਜਿਥੇ 'ਬਾਣ' ਪਦ ਦੇ ਅਰਥ ਸੁਭਾਅ ਦੇ ਹੋਂਦੇ ਹਨ, ਉਥੇ ਣਾਣੇ ਨੂੰ ਸਿਹਾਰੀ ਜਾਂ ਮੁਕਤਾ ਹੁੰਦਾ ਹੈ।

(੩੫) ਇਥੇ ਬਹੁਤੇ ਪ੍ਰੇਮੀ 'ਕੇਤੇ ਕੇਤੇ' ਲਗਾਤਾਰ ਪਾਠ ਉਚਾਰਨ ਕਰ ਜਾਂਦੇ ਹਨ। ਉਪਰੋਕਤ ਪਾਠ ਕਰਨ ਵੇਲੇ ਬਿਸਰਾਮ ਲਾਉਣੇ ਜ਼ਰੂਰੀ ਹਨ ਤਾਂ ਜੋ ਪੰਕਤੀ ਦੇ ਅਰਥ ਆਪਣੇ ਆਪ ਖੁਲਦੇ ਜਾਣ।

(੩੬) ਇਥੇ 'ਖਲਾ' ਦਾ ਉਚਾਰਨਾ 'ਖਲਾਂ' ਬਿੰਦੇ ਸਹਿਤ ਨਹੀਂ ਕਰਨਾ ਚਾਹੀਦਾ। ਖਲਾਂ ਲੁਹਾਰ ਕੋਲ ਹੁੰਦੀਆਂ ਹਨ। ਇਥੇ ਸੁਨਿਆਰਿਆਂ ਕੋਲ ਫੂਕ ਮਾਰਨ ਵਾਲੀ ਇਕੋ ਫੂਕਣੀ ਹੁੰਦੀ ਹੈ। ਵਿਆਕਰਣ ਅਨੁਸਾਰ ਵੀ ਇਸ ਦਾ ਉਚਾਰਨ ਖਲਾਂ ਅਸ਼ੁਧ ਹੈ ਕਿਉਂਕਿ 'ਖਲਾ' ਪੁਲਿੰਗ ਹੈ ਅਤੇ ਖਲਾਂ ਇਸਤਰੀ ਲਿੰਗ ਹੈ। ਇਸ ਤਰ੍ਹਾਂ ਉਪਮਾਂ ਉਪਮਜ ਵਿਚ ਦੂਸ਼ਨ ਹੁੰਦਾ ਹੈ।

(੩੭) 'ਮਸੱਕਤ' ਸੁਧ ਉਚਾਰਨ ਹੈ ਅਤੇ ਇਸ ਦੇ ਅਰਥ ਮੁਸ਼ੱਕਤ (ਨਾਮ-ਕਮਾਈ) ਹੈ।

www.AKJ.Org

# ਜਃ ਭਾਈ ਰਾਮ ਸਿੰਘ ਜੀ (ਗੁਜਰਵਾਲ)

ਵਲੋਂ :
ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*

ਜਥੇਦਾਰ ਰਾਮ ਸਿੰਘ ਜੀ ਇਸ ਜਥੇ ਦੀ ਰੂਹ ਰਵਾਨ ਸਨ। ਮੁਢ ਤੋਂ ਹੀ ਪਿੰਡ ਗੁਜਰਵਾਲ ਵਿਖੇ (ਜੋ ਨਾਰੰਗਵਾਲ ਤੋਂ ਇਕ ਕੋਸ ਦੇ ਫਾਸਲੇ ਤੇ ਹੈ) ਭਾਈ ਰਾਮ ਸਿੰਘ ਦੇ ਗ੍ਰਿਹ ਅੰਦਰ ਹਮੇਸ਼ਾਂ ਹੀ ਗੁਰਮਤਿ ਸਮਾਗਮਾਂ ਦੀ ਚਹਿਲ ਬਹਿਲ ਰਹੀ ਹੈ। ਜਥੇ ਦੇ ਅਸੂਲਾਂ ਦਾ ਨਿਗਰ ਪ੍ਰਚਾਰ ਜਥੇਦਾਰ ਰਾਮ ਸਿੰਘ ਜੀ ਦੀ ਜਥੇਦਾਰੀ ਤਲੇ ਹੀ ਹੁੰਦਾ ਰਿਹਾ ਹੈ। ਜਥੇਦਾਰ ਜੀ ਪੜ੍ਹੇ ਲਿਖੇ ਪੁਰਸ਼ ਨਹੀਂ ਸਨ, ਪਰ ਹਰ ਪਰਕਾਰ ਦੀ ਕੁਰਬਾਨੀ ਦੇ ਪੁੰਜ ਸਨ। ਜਾਤ ਪਾਤ ਤੋੜ ਕੇ ਪਰਾਨੀਆਂ ਨੂੰ ਅੰਮ੍ਰਿਤ ਛਕਾਉਣਾ ਤੇ ਬਗੈਰ ਜ਼ਾਤ ਪਾਤ ਦੀ ਤਮੀਜ਼ ਦੇ ਆਨੰਦ ਵਿਵਾਹ ਕਰਵਾਉਣੇ ਜਥੇਦਾਰ ਸਾਹਿਬ ਦਾ ਉਪਕਾਰੇ ਆਜ਼ਿਮ ਗੁਣ ਸੀ। ਅਵਾਇਲ ਉਮਰ ਵਿਖੇ ਹੀ ਜਥੇਦਾਰ ਰਾਮ ਸਿੰਘ ਜੀ ਨੇ ਇਸ ਗੁਣ ਦਾ ਨਮੂਨਾ ਖਜ਼ਾਤ ਖੁਦ ਪੇਸ਼ ਕਰਕੇ ਇਸਦਾ ਫੌਰੀ ਰਿਵਾਜ ਸੰਗਤਾਂ ਵਿਖੇ ਜਾਰੀ ਕੀਤਾ। ਜਿਸ ਜ਼ਮਾਨੇ ਦਾ ਅਸੀਂ ਜ਼ਿਕਰ ਕਰਦੇ ਹਾਂ, ਓਦੋਂ ਪੰਥ ਵਿਖੇ ਬਹੁਤ ਥੋੜੀ ਜਾਗਰਤ ਆਈ ਸੀ ਜੋ ਆਈ ਸੀ, ਸੋ ਵੀ ਕਾਗਜ਼ੀ ਪ੍ਰਚਾਰ ਦੀ। ਚਾਹੇ ਪਿੰਡ ਗੁਜਰਵਾਲ ਵਿਖੇ ਸਿੰਘ ਸਭਾ ਲਹਿਰ ਦੇ ਮੁਢ ਤੋਂ ਹੀ ਬੜੀ ਪੁਰਾਣੀ ਸਿੰਘ ਸਭਾ ਕਾਇਮ ਹੋਈ ਹੋਈ ਸੀ। ਪਰੰਤੂ ਆਮ ਲੋਕਾਚਾਰੀ ਖ਼ਿਆਲਾਤ ਦਾ ਅਜੇ ਬੜਾ ਜ਼ੋਰ ਸੀ ਤੇ ਲੋਕ ਸਿੰਘ ਸਭਾ ਵਾਲਿਆਂ ਨੂੰ ਸਿੰਘ ਸਫੀਏ ਕਹਿਕੇ ਸਖਤ ਵਿਰੋਧਤਾ ਕਰਦੇ ਸਨ। ਜਥੇਦਾਰ ਰਾਮ ਸਿੰਘ ਜੀ ਨੇ ਲੋਕਾਚਾਰੀ ਪਿਤਾ ਪੁਰਖੀ ਦੇ ਪਰਚਾਰ ਨੂੰ ਡੱਕ ਪਾਉਣ ਲਈ ਅਤੇ ਤਕੜੀ ਸਟ ਮਾਰਨ ਲਈ ਖੁਦ ਆਪਣਾ ਅਨੰਦ ਵਿਆਹ ਜਾਤਪਾਤ ਤੋੜ ਕੇ ਕੀਤਾ। ਸਾਰੇ ਪਿੰਡ ਗੁਜਰਵਾਲ ਦੀ ਹਿੰਦੂ ਖਿਆਲਾਂ ਵਾਲੀ ਅਕਸਰੀਅਤ ਜਥੇਦਾਰ ਜੀ ਦੇ ਇਸ ਕਦਮ ਚੁਕਣ ਤੇ ਬੜੀ ਵਿਰੁਧ ਸੀ ਤੇ ਭਾਈ ਰਾਮ ਸਿੰਘ ਜੀ ਨੂੰ ਛੇਕ ਦੇਣ ਦਾ ਡਰ ਦੇ ਰਹੀ ਸੀ। ਭਾਈ ਰਾਮ ਸਿੰਘ ਜੀ ਤਨ-ਤਨਹਾ ਚਲ ਕੇ ਸਾਡੇ ਪਾਸ ਨਾਰੰਗਵਾਲ ਆਏ ਤੇ ਸਾਰੀ ਸਰਗੁਜ਼ਸ਼ਤ ਅਪਨੀ ਜ਼ਬਾਨੀ ਬਿਆਨ ਕੀਤੀ। ਇਹ ਭਾਈ ਰਾਮ ਸਿੰਘ ਜੀ ਦੀ ਸਾਡੇ ਨਾਲ ਪਹਿਲੀ ਮੁਲਾਕਾਤ ਸੀ।

ਅਸੀਂ ਭਾਈ ਰਾਮ ਸਿੰਘ ਜੀ ਦੇ ਨਿੱਗਰ ਗੁਰਮਤਿ ਖਿਆਲਾਂ ਨੂੰ ਪੇਖ ਪਰਖ ਕੇ ਅਤੇ ਸਿੰਘਾਂ ਦਾ ਜਥਾ ਲੈ ਕੇ ਉਨ੍ਹਾਂ ਦੇ ਨਾਲ ਗੁਜਰਵਾਲ ਨੂੰ ਪਧਾਰ ਉਠੇ। ਅਗੇ ਉਨ੍ਹਾਂ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਣ ਪਾਠ ਦਾ ਭੋਗ ਪੈਣਾ ਸੀ। ਖੂਬ ਗੱਜ ਵੱਜ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਸ੍ਰੀ ਭਾਈ ਰਾਮ ਸਿੰਘ ਜੀ ਨੂੰ, ਸਮੇਤ ਉਨ੍ਹਾਂ ਦੀ ਸਪੁਤਨੀ ਦੇ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਕੀਤਾ ਗਿਆ ਅਤੇ ਫੇਰੇ ਘੇਰੇ ਤੋੜਕੇ ਉਨ੍ਹਾਂ ਦਾ ਗੁਰਮਤਿ ਤੱਤ ਮਰਯਾਦਾ ਅਨੁਸਾਰ ਆਨੰਦ-ਵਿਵਾਹ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਭੇਦ ਵਰਤਾਇਆ ਗਿਆ। ਤਿਆਰ ਬਰ ਤਿਆਰ ਹੋਣ ਸਾਰ ਸ੍ਰੀ ਭਾਈ ਰਾਮ ਸਿੰਘ ਜੀ ਨੇ ਡੰਕੇ ਦੀ ਚੋਟ ਨਾਲ ਪਿੰਡ ਦੀ ਸਾਰੀ ਹਿੰਦਵੈਣ ਸੁਸਾਇਟੀ ਦੇ ਖਿਆਲਾਂ ਦੀ ਬਰਾਦਰੀ ਨੂੰ ਬਰਮਲਾ ਬਾਈਕਾਟ ਕਰਨ ਦਾ ਐਲਾਨ ਦੇ ਦਿਤਾ। ਵਾਕਿਆ ਹੀ ਸਾਰੀ ਪੁਰਾਣੀ ਬਰਾਦਰੀ ਨੂੰ ਛੇਕ ਕੇ ਰਖ ਦਿਤਾ। ਸਿੰਘਾਂ ਨਾਲ ਹੀ ਲੇਵਾ ਦੇਵੀ, ਸਿੰਘਾਂ ਨਾਲ ਹੀ ਵਿਵਹਾਰ ਕਾਰ, ਵਰਤੋਂ ਵਿਉਹਾਰ ਰਖਣ ਦੀ ਪਹਿਲੀ ਅਮਲੀ ਬੁਨਿਆਦ ਸ੍ਰੀ ਭਾਈ ਰਾਮ ਸਿੰਘ ਜੀ ਨੇ ਕਾਇਮ ਕੀਤੀ। ਫੇਰ ਤਾਂ ਗੁਜਰਵਾਲ ਦੀ



www.AKJ.Org

ਸਿੰਘ ਸਭਾ ਦੇ ਸਾਰੇ ਚੀਦਾ ਚੀਦਾ ਮੈਂਬਰ ਸ੍ਰੀ ਭਾਈ ਰਾਮ ਸਿੰਘ ਜੀ ਦੇ ਹਾਮੀ ਹੋ ਗਏ। ਸ੍ਰੀ ਭਾਈ ਰਾਮ ਸਿੰਘ ਜੀ ਦੀ ਇਸ ਦਲੇਰਾਨਾ ਕਾਰਜ ਸੋਧਣੀ ਦੇ ਕਾਰਨ ਹੀ ਉਹ ਜਥੇਦਾਰ ਦੇ ਨਾਮ ਨਾਲ ਪ੍ਰਸਿਧ ਹੋ ਗਏ। ਸਚਮੁਚ ਭਾਈ ਰਾਮ ਸਿੰਘ ਜੀ ਨੂੰ ਕਿਸੇ ਆਨਮਤ ਖਿਆਲੀਏ ਦੀ ਰੰਚਕ ਮਾਤਰ ਵੀ ਪ੍ਰਵਾਹ ਨਹੀਂ ਸੀ, ਜਿਥੇ ਗਜ਼ਦੇ ਸਨ, ਸ਼ੇਰ ਵਾਂਗੂ ਗਜਦੇ ਸਨ। ਉਨ੍ਹਾਂ ਦੇ ਜਾਹੋ-ਜਲਾਲ ਅਗੇ ਕੋਈ ਨਹੀਂ ਖਲੋਂਦਾ ਸੀ। ਬੜੇ ਬੜੇ ਪੁਰਾਣੇ ਪਾਪੀਆਂ ਦੇ ਦਮ ਗਜੇ ਉਨ੍ਹਾਂ ਦੇ ਅਗੇ ਦਮਨ ਹੋ ਜਾਂਦੇ ਸਨ। ਸਰੀਰ ਦੀ ਰਿਸ਼ਟ ਪੁਸ਼ਟਤਾ ਪਹਿਲਾਂ ਹੀ ਕੁਦਰਤੀ ਜਨਮ ਤੋਂ ਗੋਂਦਵੀਂ ਡੀਲ ਡੌਲ ਵਾਲੀ ਤੇ ਕਵੀ-ਹੈਕਲੀ ਸੀ। ਪਿਛੇ ਦਸੇ ਕੁਲ-ਕੁਲਾਂ ਭੇਦਤ ਸਮਾਗਮ ਤੇ ਸਾਵਧਾਨ ਹੋਣ ਪਰ ਇਨਾਂ ਦੇ ਚੇਹਰੇ ਦਾ ਜਲਾਲ ਐਸਾ ਦਮਕਾਂ ਮਾਰਨ ਲਗ ਪਿਆ ਜਿਸ ਦੀ ਝਲ ਝਲਣੀ ਬੜੀ ਹੀ ਮੁਹਾਲ ਸੀ। ਉਨ੍ਹਾਂ ਦੇ ਆਪਣੇ ਪਹਿਲੇ ਅਨਮਤੀ ਗੁਆਂਢ ਦੀ ਖਲਜਗਣ ਨੂੰ ਤਿਲਾਂਜਲੀ ਦੇ ਕੇ ਇਕ ਨਵੇਕਲੀ ਅਸਥਾਨ ਤੇ ਆਪਣਾ ਰਿਹਾਇਸ਼ੀ ਮਕਾਨ ਸਾਜ ਲਿਆ। ਇਸ ਮਕਾਨ ਵਿਖੇ ਸੰਗਤਾਂ ਅਤੇ ਸੰਤ ਸਮਾਗਮਾਂ ਦੀ ਇਤਨੀ ਬਹੁਲਤਾ ਹੋਈ ਕਿ ਸਾਰੀ ਲੁਕਾਈ ਉਲਟ ਕੇ ਇਹਨਾਂ ਦੀ ਹਮਦਰਦ ਬਣ ਗਈ। ਪਰ ਇਹਨਾਂ ਨੂੰ ਕਿਸੇ ਦੀ ਕੀ ਪ੍ਰਵਾਹ ਸੀ ਕਿ ਜਦ ਤਾਈਂ ਤਿਆਰ ਬਰ ਤਿਆਰ ਸਜ ਕੇ ਸਾਰਾ ਪ੍ਰਵਾਰ ਗੁਰਹੀ ਸਰਨੀ ਨਾ ਆਵੇ, ਉਸ ਵਕਤ ਤਾਈਂ ਇਹਨਾਂ ਦਾ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ। ਪਰ ਤੱਤ ਗੁਰਮਤਿ ਅਸੂਲਾਂ ਅਨੁਸਾਰ ਤਿਆਰ ਬਰ ਤਿਆਰ ਸਜਣਾ ਕੇਹੜਾ ਖਾਲਾ ਜੀ ਦਾ ਘਰ ਸੀ, ਵਿਰਲੇ ਹੀ ਇਸ ਕਸੌਟੀ ਤੇ ਚੜ੍ਹਨ ਲਈ ਅਗੇ ਵਧੇ, ਜੋ ਚੜ੍ਹੇ, ਸੋ ਜਥੇਦਾਰ ਜੀ ਦੀ ਪੇਸ਼-ਕਦਮੀ ਦੇ ਤੁਫ਼ੈਲ ਹਮੇਸ਼ਾਂ ਅਗੇ ਹੀ ਅਗੇ ਵਧੇ ਅਤੇ ਵਧਦੇ ਹੀ ਗਏ।

ਗੁਜਰਵਾਲ ਇਕ ਤਕੜਾ ਖਾਸਾ ਕਸਬਾ ਹੈ, ਜਿਸ ਵਿਚ ਕੋਈ ਅਨਮਤੀ ਅਨਸਰ ਭੀ ਗੁਰਮਤਿ ਵਿਰੁਧ ਦਮ ਖਮ ਨਹੀਂ ਮਾਰਦਾ ਸੀ। ਕੋਈ ਵੀ ਕਿਸੇ ਪ੍ਰਕਾਰ ਅੜਿੱਕਾ ਨਹੀਂ ਡਾਹ ਸਕਦਾ ਸੀ। ਇਹਨਾਂ ਦੇ ਹੁੰਦਿਆਂ ਸਾਰੇ ਪਿੰਡ ਵਿਚ ਸਿਖੀ ਦੀ ਪ੍ਰਪੰਚ ਸ਼ਕਲ ਦਾ ਧਾਰਨੀ ਬਣ ਕੇ ਪੰਥ ਨੂੰ ਕਿਸੇ ਪ੍ਰਕਾਰ ਦਾ ਧੋਖਾ ਦੇਣ ਦਾ ਹੀਆ ਨਹੀਂ ਕਰ ਸਕਦਾ ਸੀ ਨਾਸਤਕਾਂ ਦਹਿਰੀਆਂ ਦੀ ਉੱਕੀ ਹੀ ਦਾਲ ਨਹੀਂ ਗਲਦੀ ਸੀ।

ਤੱਤ ਪ੍ਰਉਪਕਾਰੀ ਗੁਰਮਤਿ ਕਾਰਜ-ਬਿਉਹਾਰਾਂ ਲਈ ਤਾਂ ਅਪਣੀ ਜਾਨ ਵੀ ਵਾਰ ਦਿੰਦੇ ਸਨ। ਇਹਨਾਂ ਦਾ ਨਵਲ ਨਵੇਕਲਾ ਘਰ ਅਸਥਾਨ ਤੱਤ ਕੀਰਤਨੀ ਅਖੰਡ ਸਮਾਗਮਾਂ ਦਾ ਕੇਂਦਰ ਬਣਿਆ ਹੋਇਆ ਸੀ। ਦੂਰੋਂ ਦੂਰੋਂ ਗੁਰਮੁਖ ਜਨਾਂ ਦੀਆਂ ਸੰਗਤਾਂ ਦੀ ਆਵਾਜਾਈ ਅਤੇ ਰੌਣਕ ਇਹਨਾਂ ਦੇ ਗ੍ਰਹਿ ਵਿਖੇ ਬਣੀ ਰਹਿੰਦੀ ਸੀ। ਸਾਰੇ ਪਿੰਡ ਵਿਚੋਂ ਪ੍ਰਗਟ ਪਾਹਾਰੇ (ਇਲਾਨੀਆਂ ਤੌਰ ਤੇ) ਇਹਨਾਂ ਦੇ ਗੁਰਮਤਿ ਖਿਆਲਾਂ ਦੇ ਬਹੁਤ ਵਿਰਲੇ ਹੀ ਸਿੰਘ ਸਨ। ਫਲੇਵਾਲ ਅਤੇ ਨਾਰੰਗਵਾਲ ਦੇ ਵਿਚਾਲੇ ਇਹਨਾਂ ਦਾ ਗੁਜਰਵਾਲ ਵਿਖੇ ਨਵਾਂ ਵਸਾਇਆ ਗ੍ਰਹਿ ਮਾਨੋਂ ਤੱਤ ਗੁਰਮਤਿ ਦਾ ਗੜ੍ਹ ਬਣਿਆ ਹੋਇਆ ਸੀ। ਆਹ! ਉਹ ਜ਼ਮਾਨਾ ਸਾਨੂੰ ਯਾਦ ਆਉਂਦਾ ਹੈ ਜਦੋਂ ਕਿ ਇਹਨਾਂ ਦੇ ਇਸ ਗ੍ਰਹਿ ਵਿਖੇ ਸਜੇ ਸਮਾਗਮਾਂ ਤੇ ਬੜੀਆਂ ਬੜੀਆਂ ਗੁਰਮਤਿ ਗੌਰਵੀ ਰੂਹਾਂ ਸੁਰਜੀਤ ਹੋ ਕੇ ਗੁਰਮਤਿ ਮੰਡਲਾਂ ਵਿਖੇ ਪੁੰਗਰਦੀਆਂ ਰਹੀਆਂ। ਜ਼ਮੀਨ ਦੀ ਵਾਹੀ (ਖੇਤੀ ਬਾੜੀ) ਆਪਣੇ ਬਾਹੂ-ਬਲ ਨਾਲ ਕਰਿਆ ਕਰਦੇ ਸਨ। ਦਾਣਾ ਫੱਕਾ ਗੁਜ਼ਾਰੇ ਜੋਗਾ ਆ ਹੀ ਜਾਇਆ ਕਰਦਾ ਸੀ। ਲਵੇਰਾ ਵੀ ਘਰ ਵਿਚ ਬਥੇਰਾ ਰਖਿਆ ਕਰਦੇ ਸਨ। ਸਤਸੰਗ ਸਮਾਗਮਾਂ ਤੇ ਲੱਛਮੀ ਵੀ ਹੁਮ ਹੁਮਾ ਵਰ੍ਹਿਆ ਕਰਦੀ ਸੀ। ਇਥੇ ਇਸ ਗ੍ਰਹਿ ਵਿਖੇ ਬੜੇ ਬੜ ਯਾਦਗਾਰੀ ਅੰਮ੍ਰਿਤ ਸੰਚਾਰ ਸਮਾਗਮ ਹੋਏ। ਇਹਨਾਂ ਦਾ ਵਿਸਥਾਰ ਸਹਿਤ ਵਰਨਣ ਕਰਨਾ ਅਤੀ ਅਸੰਭਵ ਹੈ, ਆਖ਼ਰੀ ਅਖੰਡ ਪਾਠ ਸਮਾਗਮ ਜੋ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਗੈਰਹਾਜ਼ਰੀ ਵਿਚ ਉਹਨਾਂ ਦੇ ਗ੍ਰਹਿ ਵਿਖੇ ਹੀ ਹੋਇਆ, ਬੜਾ ਮਾਅਰਕੇ ਦਾ ਸਮਾਗਮ ਸੀ, ਭਾਈ



www.AKJ.Org

ਰਾਮ ਸਿੰਘ ਜਥੇਦਾਰ ਸਰਕਾਰੀ ਪਲਟਨ ਦੇ ਰੀਜ਼ਰਵ ਸਿਪਾਹੀ ਸਨ, ਸਾਰੇ ਰੀਜ਼ਰਵ ਸਿਪਾਹੀਆਂ ਨੂੰ ਸਰਕਾਰ ਨੇ ਹੁਕਮਨ ਲੜਾਈ ਦੇ ਮੋਰਚੇ ਤੇ ਬੁਲਾ ਲਿਆ ਸੀ, ਇਹਨਾਂ ਦੇ ਗ੍ਰਿਹਿ ਵਿਖੇ ਹੋਏ ਇਸ ਸਾਰੇ ਧਾਰਮਕ ਸਤਸੰਗ ਸਮਾਗਮ ਨੂੰ ਕਈਆਂ ਅਣਹੋਏ ਸੀ.ਆਈ.ਡੀ. ਵਾਲੇ ਪੁਰਸ਼ਾਂ ਦੀ ਰਪੋਟ ਤੇ ਇਕ ਰਾਜਸੀ ਸਮਾਗਮ ਹੋਇਆ ਗਰਦਾਨ ਲਿਆ ਗਿਆ ਸੀ। ਭਾਈ ਰਾਮ ਸਿੰਘ ਜੀ ਚੂੰਕਿ ਫੀਲਡ ਸਰਵਿਸ ਤੇ ਗਏ ਹੋਏ ਸਨ ਇਸ ਕਰ ਕੇ ਉਹਨਾਂ ਉਤੇ ਤਾਂ ਗੌਰਮਿੰਟ ਦਾ ਕੋਈ ਜ਼ੋਰ ਨ ਚਲਿਆ, ਨ ਮੁਕੱਦਮਾ ਚਲਾ ਸਕੇ, ਇਸ ਸਮਾਗਮ ਤੇ ਹਾਜ਼ਰ ਹੋਏ ਬਹੁਤ ਸਾਰੇ ਸਜਣ ਗ੍ਰਿਫ਼ਤਾਰ ਹੋ ਕੇ ਜੇਲ੍ਹ ਅੰਦਰ ਚਲੇ ਗਏ, ਜਦ ਜੇਲ ਅੰਦਰ ਇਹਨਾਂ ਦੇ ਮੁਕੱਦਮੇ ਚਲ ਰਹੇ ਸਨ, ਉਸ ਸਮੇਂ ਭਾਈ ਰਾਮ ਸਿੰਘ ਜੀ ਜਥੇਦਾਰ ਫੀਲਡ ਸਰਵਿਸ ਤੋਂ ਘਰ ਆ ਗਏ ਸਨ। ਸ੍ਰੀ ਭਾਈ ਰਾਮ ਸਿੰਘ ਜੀ ਨੇ ਇਸ ਸਮੇਂ ਤਨ ਮਨ ਧਨ ਕਰ ਕੇ ਜੋ ਸੇਵਾ ਅਸਾਡੀ ਜੇਲ੍ਹ ਅੰਦਰਲਿਆਂ ਦੀ ਕੀਤੀ ਸੁਨਹਿਰੀ ਅੱਖਰਾਂ ਨਾਲ ਲਿਖਣ ਵਾਲੀ ਹੈ। ਸਫ਼ਾਈ ਦੇ ਗਵਾਹ ਭੁਗਤਾਉਣ ਵਿਚ ਅਤੇ ਸਾਰੀਆਂ ਸਹੂਲਤਾਂ ਬਹਮ ਪਹੁੰਚਾਉਣ ਵਿਚ ਇਹਨਾਂ ਨੇ ਦਿਨ ਰਾਤ ਇਕ ਕਰ ਦਿਤਾ ਹੋਇਆ ਸੀ, ਬੜੇ ਨਿਰਭੈ ਹੋ ਕੇ ਸੇਵਾ ਨਿਬਾਹੀ। ਇਹਨਾਂ ਦਾ ਇਕ ਬੜਾ ਭਾਈ ਜਗਤ ਸਿੰਘ ਜੋ ਅਮ੍ਰੀਕਾ ਤੋਂ ਆਇਆ ਸੀ, ਉਸ ਨੂੰ ਵੀ ਇਸ ਮੁਕਦਮੇ ਵਿਚ ਲਪੇਟ ਲਿਆ ਗਿਆ ਸੀ, ਚਾਹੇ ਉਹ ਸ਼ਖ਼ਸ਼ ਜਗਤ ਸਿੰਘ, ਭਾਈ ਰਾਮ ਸਿੰਘ ਜੀ ਦੇ ਨਾਲ ਅੰਦਰੋਂ ਨਾਰਾਜ਼ਗੀ ਰਖਿਆ ਕਰਦਾ ਸੀ, ਇਸ ਲਾਇਕ ਨਹੀਂ ਸੀ ਜੋ ਇਸਦੀ ਮਦਦ ਕੀਤੀ ਜਾਵੇ, ਤਾਂ ਵੀ ਸ੍ਰੀਮਾਨ ਭਾਈ ਰਾਮ ਸਿੰਘ ਜੀ ਦੇ ਪਰਉਪਕਾਰੀ ਸੁਭਾ ਨੇ ਇਸ ਬੁਰੇ ਦਾ ਵੀ ਭਲਾ ਕੀਤਾ। ਆਪਣਾ ਸਾਰਾ ਤਾਣ ਲਾ ਕੇ ਓੜਕ ਭਾਈ ਜਗਤ ਸਿੰਘ ਜੀ ਨੂੰ ਉਮਰ ਕੈਦ ਤੋਂ ਬਚਾ ਲਿਆ, ਇਹ ਥੋੜੇ ਹੀ ਸਾਲਾਂ ਦੀ ਕੈਦ ਕਟ ਕੇ ਬਾਹਰ ਆ ਗਿਆ, ਭਾਈ ਸੁਰਜਨ ਸਿੰਘ ਇਹਨਾਂ ਦੇ ਨਗਰ ਨਿਵਾਸੀ ਗੁਜਰਵਾਲੀਏ ਸਿੰਘ ਦੀ ਵੀ ਪੂਰੀ ਪੂਰੀ ਮਦਦ ਕੀਤੀ, ਭਾਈ ਸੁਰਜਨ ਸਿੰਘ ਦੇ ਘਰੋਂ ਗੁਰਮੁਖ ਬੀਬੀ ਜੁਗਿੰਦਰ ਕੌਰ ਦੀ ਵੀ ਬੜੀ ਮਦਦ ਕੀਤੀ। ਭਾਈ ਸੁਰਜਣ ਸਿੰਘ ਤਾਂ ਜੇਲ ਅੰਦਰ ਸਨ, ਉਸ ਦੇ ਪਿਛੋਂ ਇਸ ਦੇ ਸਿਰ ਤੇ ਜੋ ਕਸ਼ਟ ਆਏ, ਭਾਈ ਰਾਮ ਸਿੰਘ ਨੇ ਪੂਰੀ ਤੌਰ ਤੇ ਨਵਿਰਤ ਕੀਤੇ। ਭਾਈ ਰਾਮ ਸਿੰਘ ਜੀ ਦੇ ਉਪਕਾਰਾਂ ਦੇ ਦੇਣੀਏ ਅਸੀਂ ਕਿਤੇ ਤੇ ਕਦੇ ਵੀ ਨਹੀਂ ਦੇ ਸਕਦੇ। ਸਾਨੂੰ ਤਾਂ ਉਮਰ ਕੈਦ ਦੀ ਸਜ਼ਾ ਹੋ ਗਈ ਤੇ ਜਾਇਦਾਦ ਸਾਰੀ ਇਸ ਦਾਸਰੇ ਦੀ ਜ਼ਬਤ ਹੋ ਗਈ। ਸਾਡੀ ਧਰਮ ਸਪਤਨੀ ਸ੍ਰੀਮਤੀ ਕਰਤਾਰ ਕੌਰ ਜੀ ਦੀ ਨਿਕੜੀ ਜਿੰਦੜੀ ਤੇ ਦੁਖਾਂ ਦੇ ਭਾਰ ਟੁਟ ਪਏ, ਘਰ ਘਾਟ, ਧਨ ਧਾਮ ਤੇ ਸਾਰੀ ਜਾਇਦਾਦ ਤੋਂ ਵਾਂਜੀ ਗਈ, ਸ੍ਰੀਮਤੀ ਕਰਤਾਰ ਕੌਰ ਦੇ ਪੇਕਿਆਂ ਤੋਂ ਆਏ ਹੋਏ ਸਾਰੇ ਬਸਤਰ ਆਦਿਕ ਨਿਲਾਮ ਹੋ ਜਾਣੇ ਸਨ ਭਾਈ ਰਾਮ ਸਿੰਘ ਜੀ ਨੇ ਬੜੀ ਮਰਦਾਂ ਵਾਲੀ ਹਿੰਮਤ ਕਰਕੇ ਸਾਰਾ ਸਾਮਾਨ ਤੇ ਲੋੜੀਦਾ ਲਕਾ ਤੁਕਾ ਨਾਰੰਗਵਾਲ ਸਾਡੇ ਗ੍ਰਿਹਿ ਵਿਚੋਂ ਰਾਤੋ ਰਾਤ ਢੋ ਕੇ ਗੁਜਰਵਾਲ, ਫਲੇਵਾਲ ਆਦਿਕ ਮਹਿਫ਼ੂਜ਼ ਥਾਂਵਾਂ ਤੇ ਜਾ ਰਖਿਆ। ਹੋਰ ਬੇਅੰਤ ਪ੍ਰਕਾਰ ਦੀ ਸਹਾਇਤਾ ਜੋ ਇਸ ਬਿਪਤਕਾਲ ਸਮੇਂ ਭਾਈ ਰਾਮ ਸਿੰਘ ਨੇ ਸਾਡੀ ਸੁਪਤਨੀ ਦੀ ਕੀਤੀ ਹੈ, ਉਹ ਬੜੀ ਅਮੁਲ ਗੁਣੀ ਹੈ ਜੋ ਸਿਹਫ਼ ਭਾਈ ਰਾਮ ਸਿੰਘ ਹੀ ਕਰ ਸਕਦੇ ਸਨ, ਹੋਰ ਕੋਈ ਨਹੀਂ ਕਰ ਸਕਦਾ ਸੀ। ਸ੍ਰੀਮਤੀ ਕਰਤਾਰ ਕੌਰ ਜੀ ਨੇ ਜ਼ਬਾਨੀ ਜੋ ਇਸ ਸੂਰਬੀਰ ਮਰਦ-ਬਾਂਕੜੇ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਦੀ ਅਥੱਕ ਤੇ ਨਿਰਬਾਣ ਸੇਵਾ ਦੀਆਂ ਹਡ-ਬੀਤੀਆਂ ਕਹਾਣੀਆਂ ਸੁਣਾਈਆਂ ਕਦੇ ਭੁਲਣ ਵਾਲੀਆਂ ਨਹੀਂ ਹਨ। ਸ੍ਰੀਮਾਨ ਜਥੇਦਾਰ ਭਾਈ ਰਾਮ ਸਿੰਘ ਜੀ ਸਾਡੇ ਜੇਲ ਯਾਤ੍ਰਰਾ ਤੋਂ ੧੬ ਸਾਲ ਵਾਪਸ ਆਉਣ ਤਾਈਂ ਸਰੀਰ ਕਰ ਕੇ ਸੁਰਜੀਤ ਅਤੇ ਕਾਇਮ ਰਹੇ। ਜੋ ਖੁਸ਼ੀ ਭਾਈ ਰਾਮ ਸਿੰਘ ਜੀ ਨੂੰ ਸਾਡੇ ਰਿਹਾ ਹੋਣ ਦੀ ਹੋਈ ਉਹ ਸਾਡੇ-ਹੋਰ ਕਿਸੇ ਵਿਰਲੇ ਮਿਤਰ ਨੂੰ ਹੀ ਹੋਈ ਹੋਵੇਗੀ। ਸਾਡੇ ਵਾਪਸ ਘਰ ਆਉਣ ਪਰ

(ਬਾਕੀ ਦੇਖੋ ਸਫ਼ਾ ੬)



www.AKJ.Org

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿੱਠੀਆਂ | ੫-੦੦ | ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ | ਗੁਰਮਤਿ ਗੌਰਵਤਾ | ੫-੦੦ |
| ਗੁਰਮਤ ਲੇਖ | ੨-੫੦ | ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਗੁਰਮਤ ਬਬੇਕ | ੩-੦੦ | ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਸੱਚਖੰਡ ਦਰਸ਼ਨ | ੦-੭੫ | ਵਾਹਿਗੁਰੂ ਸਿਮਰਨ | ੦-੨੦ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ | ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਚਰਨ ਕਮਲ ਕੀ ਮਉਜ | ੦-੯੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਅਣਡਿਠੀ ਦੁਨੀਆਂ | ੪-੦੦ | ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਅੰਮ੍ਰਿਤ ਕਲਾ | ੦-੪੦ | ਗੁਰਮਤ ਵਿਚਾਰ | ੦-੮੦ |
| ਅੰਮ੍ਰਿਤ ਕੀ ਹੈ ? | ੦-੩੦ | ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਸੁਪਨਾ | ੦-੩੦ | ਨਾਮ ਸਬੰਧੀ ਵਿਚਾਰ | ੦-੫੦ |
| ਬਾਬਾ ਵੈਦ ਰੋਗੀਆਂ ਦਾ | ੦-੨੦ | ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ਗਯਾਨ ਚਾਨਣਾ | ੦-੧੦ | ਸੰਥਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੮-੦੦ |
| ਰੰਗਲੇ ਸਜਣ | ੨-੫੦ | ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਸਿੱਖ ਕੌਣ ਹੈ ? | ੦-੧੫ | ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਆਸਤਕ ਨਾਸਤਕ | ੦-੧੫ | ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |
| ਕੋ ਵਿਰਲਾ ਗੁਰਮਤਿ ਚਲੈ | ੦-੨੦ | | |
| ਸਚੀਆਂ ਦਾਹੜੀਆਂ | ੦-੧੨ | | |
| ਸੰਤ ਪਦ ਨਿਰਣੈ | ੨-੨੫ | | |
| ਗੁਰਮਤ ਰਮਜ਼ਾਂ | ੦-੬੫ | | |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ | | |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ । ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ ।

ਪੁਸਤਕਾਂ ਮਿਲਣ ਦਾ ਪਤਾ :—

**ਸੂਰਾ ਪੁਸਤਕ ਭੰਡਾਰ** ਧੋਬੀ ਘਾਟ, ਪਟਿਆਲਾ ।

Raghbir Singh B

www.AKJ.org